# ਅੰਮ੍ਰਿਤ ਕੀਰਤਨ

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ



ਮੁੱਲ : 10 ਰੁਪਏ ਮਾਰਚ, 1996

ਆਨਰੇਰੀ ਸੰਪਾਦਕ

ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 3 ਸਾਲ ਸੱਤਵਾਂ ਮਾਰਚ 1996



ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ.(ਸੰਗੀਤ, ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.

ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਨ ਸਿੰਘ ਸੋਮਲ

ਸ. ਜੋਤਿੰਦਰ ਸਿੰਘ ਸੋਹਲ

ਸ੍ਰ. ਹਰਿਭਜਨ ਸਿੰਘ ਚੋਪੜਾ (ਬਰ੍ਹਮਾ)

ਪ੍ਰੋ. ਸਤਵਿੰਦਰ ਸਿੰਘ

ਸ੍ਰ. ਕੇ. ਐਸ. ਚੁਘ

ਚਿੱਤਰਕਾਰ

ਗੁਰਦੀਪ ਸਿੰਘ ਦੀਪ



| | |
|---|---|
| ਤੁਹਾਡੇ ਪੱਤਰ | 2 |
| ਕਰਉ ਬੇਨੰਤੀਆ | 3 |
| ਅਨਹਦ ਬਾਣੀ | |
| ਪ੍ਰੋ. ਗੁਰਮੁਖ ਸਿੰਘ ਸਹਿਗਲ | 5 |
| ਸਿਖ ਅਰਦਾਸ ਦੀ ਵਿਸ਼ੇਸ਼ਤਾ | |
| ਡਾ. ਜਸਵੰਤ ਸਿੰਘ ਨੇਕੀ | 8 |
| Failure of the twentieth Century Ideology | |
| Dr. (Bhai) Harbans Lal | 12 |
| ਸੰਗੀਤ ਵਿੱਚ ਸੁਹਜ ਦੇ ਮੂਲ ਨਿਯਮ | |
| ਹਰਿੰਦਰ ਪਾਲ ਸਿੰਘ | 16 |
| ਮਾਂ ਬੋਲੀ ਪੰਜਾਬੀ (ਕਵਿਤਾ) | |
| ਸਰਦਾਰਨੀ ਹਰਬੰਸ ਕੌਰ | 18 |
| ਨੋਟੇਸ਼ਨ-ਵਾਲੇ ਸ਼ਬਦਾਂ ਦੇ ਅਰਥ | |
| ਪ੍ਰਿੰਸੀਪਲ ਸਾਹਿਬ ਸਿੰਘ | 19 |
| ਸੰਗੀਤ ਲਿਪੀ ਚਿੰਨ੍ਹ | 20 |
| ਸ਼ਬਦ-ਸੁਰ-ਲਿਪੀ ਰਾਗ ਦਰਬਾਰੀ ਕਾਨੜਾ | |
| ਅਮਰਜੀਤ ਕੌਰ | 21 |
| ਸ਼ਬਦ-ਸੁਰ-ਲਿਪੀ ਰਾਗ ਗੂਜਰੀ | |
| ਹਰਿੰਦਰ ਪਾਲ ਸਿੰਘ | 22 |
| ਕੀਰਤਨ-ਸਮਾਚਾਰ | 23 |
| ਡਾ. ਜਾਗੀਰ ਸਿੰਘ ਦਾ ਕੀਰਤਨ ਪ੍ਰੋਗਰਾਮ | 24 |



ਚੰਦੇ ਦਾ ਵੇਰਵਾ :

| | |
|---|---|
| ਇਕ ਕਾਪੀ | 10/- |
| ਸਲਾਨਾ | 100/- |
| ਜੀਵਨ ਮੈਂਬਰ | 1000/- |
| ਵਿਦੇਸ਼ ਸਲਾਨਾ | 500/- |
| ਜੀਵਨ ਮੈਂਬਰ | 5000/- |



ਚਿੱਠੀ ਪੱਤਰ ਲਈ ਪਤਾ :

ਅੰਮ੍ਰਿਤ ਕੀਰਤਨ ਟ੍ਰਸਟ ਰਜਿ.

422, ਸੈਕਟਰ 15-ਏ

ਚੰਡੀਗੜ੍ਹ-160015

ਫੋਨ : 772660

45452



ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।


'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

# ਤੁਹਾਡੇ ਪੱਤਰ :

★ 'ਅੰਮ੍ਰਿਤ ਕੀਰਤਨ' ਬੜਾ ਸ਼ਲਾਘਾਯੋਗ ਪਰਚਾ ਹੈ। ਇਸ ਵਿਚ ਪੁਰਾਤਨ ਕੀਰਤਨੀਆਂ ਦੀਆਂ ਜੀਵਨੀਆਂ ਪੜ੍ਹ ਕੇ ਬੜੀ ਪ੍ਰੇਰਨਾ ਮਿਲਦੀ ਹੈ। ਵਾਹਿਗੁਰੂ ਕਰੇ ਇਹ ਮੈਗਜ਼ੀਨ ਹੋਰ ਤਰੱਕੀ ਕਰੇ।

ਹਰਬੰਸ ਕੌਰ ਸਾਊਥਾਲ ਇੰਗਲੈਂਡ
ਸੁਪਤਨੀ ਸ੍ਰ. ਨਾਨਕ ਸਿੰਘ ਸ਼ਹੀਦ

★ 'ਅੰਮ੍ਰਿਤ ਕੀਰਤਨ' ਸਾਨੂੰ ਬੜਾ ਚੰਗਾ ਲਗਦਾ ਹੈ। ਲਗਾਤਾਰ ਭੇਜਦੇ ਰਹਿਣਾ। ਹਜ਼ਾਰ ਰੁਪਏ ਮਾਇਕ ਸਹਾਇਤਾ ਵਜੋਂ ਭੇਜ ਰਿਹਾ ਹਾਂ।

ਪ੍ਰੀਤਮ ਸਿੰਘ ਚੀਮਾਂ ਕਨੇਡਾ

★ 'ਅੰਮ੍ਰਿਤ ਕੀਰਤਨ' ਵਾਲਾ ਉੱਦਮ ਸ਼ਲਾਘਾ ਯੋਗ ਹੈ ਪਰ ਅਜੇ ਇਸ ਵਿੱਚ ਸੁਧਾਰ ਦੀ ਬਹੁਤ ਲੋੜ ਹੈ। ਇਸ ਵਿਚ ਤਾਲ ਸੰਬੰਧੀ ਜਾਣਕਾਰੀ ਵੀ ਦਿੱਤੀ ਜਾਣੀ ਚਾਹੀਦੀ ਹੈ।

ਉਸਤਾਦ ਸੁਰਜੀਤ ਸਿੰਘ
ਅਕਾਲ ਗੁਰਮਤਿ ਸੰਗੀਤ ਵਿਦਿਆਲਾ
ਗੁਰਦੁਆਰਾ ਜਨਮ ਅਸਥਾਨ
ਚੀਮਾ ਸਾਹਿਬ

★ 'ਅੰਮ੍ਰਿਤ ਕੀਰਤਨ' ਹਰ ਪੜ੍ਹਨ ਵਾਲੇ ਲਈ ਇੱਕ ਅਮੁੱਲ ਤੋਹਫਾ ਹੈ। ਵਾਹਿਗੁਰੂ ਆਪ ਨੂੰ ਹਿੰਮਤ ਬਖਸ਼ੇ ਅਤੇ ਆਪ ਇਸ ਨੂੰ ਹੋਰ ਚੜ੍ਹਦੀ ਕਲਾ ਵਿਚ ਲੈ ਜਾਵੇ। ਪਰ ਅਜੇ ਇਸ ਦੇ ਪੰਨੇ ਵੀ ਘੱਟ ਹਨ ਅਤੇ ਛਪਾਈ ਵਿੱਚ ਕਾਫੀ ਗਲਤੀਆਂ ਹੁੰਦੀਆਂ ਹਨ। ਸੁਧਾਰ ਦੀ ਲੋੜ ਹੈ।

ਜਸਮੇਰ ਸਿੰਘ ਗਿੱਲ
ਬਹਿਰੀਨ

★ ਪਰਚੇ ਦਾ ਆਕਾਰ ਵੱਡਾ ਹੋ ਜਾਣ ਨਾਲ ਦਿੱਖ ਚੰਗੇਰੀ ਹੋਈ ਹੈ। ਸ਼ੁਭ ਕਾਮਨਾਵਾਂ ਸਹਿਤ।

ਤਾਰਨ ਗੁਜਰਾਲ ਕਾਨਪੁਰ

★ 'ਅੰਮ੍ਰਿਤ ਕੀਰਤਨ' ਰਾਹੀਂ ਗੁਰਬਾਣੀ ਸੰਗੀਤ ਬਾਰੇ ਇਤਨੀ ਡੂੰਘੀ ਜਾਣਕਾਰੀ ਪਾਠਕਾਂ ਨੂੰ ਦੇਣ ਦਾ ਤੁਸੀਂ ਬਹੁਤ ਹੀ ਸ਼ਲਾਘਾਯੋਗ ਕਾਰਜ ਕਰ ਰਹੇ ਹੋ।

ਸੰਤੋਸ਼ ਸਾਹਨੀ
ਸੁਪਤਨੀ ਸ੍ਰੀ ਬਲਰਾਮ ਸਾਹਨੀ
ਬੰਬਈ

★ 'ਅੰਮ੍ਰਿਤ ਕੀਰਤਨ' ਪੜ੍ਹ ਕੇ ਅਨੰਦ ਆਉਂਦਾ ਹੈ। ਇਸ ਨੂੰ ਲਗਾਤਾਰ ਭੇਜਦੇ ਰਹਿਣਾ ਜੀ।

ਭਾਈ ਹਰਬੰਸ ਲਾਲ ਪੀ ਐਚ ਡੀ
ਅਮਰੀਕਾ

★ 'ਅੰਮ੍ਰਿਤ ਕੀਰਤਨ' ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ।

ਸੂਬੇਦਾਰ ਅਮਰੀਕ ਸਿੰਘ

★ 'ਅੰਮ੍ਰਿਤ ਕੀਰਤਨ' ਇਕ ਮਹਾਨ ਕਾਰਜ ਹੈ ਪਰ ਇਸਦਾ ਪਿਛਲਾ ਸਾਲ ਬਹੁਤਾ ਚੰਗਾ ਨਹੀਂ ਲੰਘਿਆ। ਕਦੀਂ ਪੰਨੇ ਘਟ ਤੇ ਕਦੀਂ ਗਲਤੀਆਂ। ਪਰਚੇ ਦਾ ਸਾਈਜ਼ ਵੱਡਾ ਕਰਨਾ ਵੀ ਜਚਿਆ ਨਹੀਂ। ਪਹਿਲਾਂ ਪੁਸਤਕ ਸਾਈਜ਼ ਹੀ ਠੀਕ ਸੀ। ਮੈਟਰ ਵਿੱਚ ਵੀ ਵਾਧਾ ਕਰਨਾ ਚਾਹੀਦਾ ਹੈ। ਕੀਰਤਨ ਕੈਸਟਾਂ ਅਤੇ ਪੁਸਤਕਾਂ ਦੇ ਰੀਵੀਊ ਅਤੇ ਕੀਰਤਨ ਦਰਬਾਰਾਂ ਦੀਆਂ ਰਿਪੋਰਟਾਂ ਛਾਪਣ ਦਾ ਉਪਰਾਲਾ ਵੀ ਕਰਨਾ ਚਾਹੀਦਾ ਹੈ।

ਤੇਜਾ ਸਿੰਘ 'ਤਿਲਕ' ਬਰਨਾਲਾ

★ 'ਅੰਮ੍ਰਿਤ ਕੀਰਤਨ' ਦੇ ਸ਼ੁਭ ਉਪਰਾਲੇ ਲਈ ਸ਼ਾਬਾਸ਼। ਸਿਖ ਰਾਗੀ, ਸੰਗੀਤਕਾਰਾਂ ਦੇ ਜੀਵਨ ਬਾਰੇ ਲਿਖਦੇ ਰਹੋ ਸਾਡੀ ਅਗਲੀ ਪੀੜ੍ਹੀ ਨੂੰ ਗੌਰਵ ਹੋਵੇਗਾ। ਹਰ ਵੇਲੇ ਜੰਗਾਂ ਯੁੱਧਾਂ ਦੀਆਂ ਗੱਲਾਂ ਕਰੀ ਜਾਣੀਆਂ ਹੀ ਕਾਫੀ ਨਹੀਂ।

ਸਰਦਾਰਨੀ ਸਤਿੰਦਰ, ਆਰ. ਸਿੰਘ
ਇੰਗਲੈਂਡ

★ 'ਅੰਮ੍ਰਿਤ ਕੀਰਤਨ' ਵਧੀਆ ਪਰਚਾ ਹੈ। ਗੁਰੂ ਸਾਹਿਬ ਦਾ ਹੁਕਮ ਨਿਰਬਾਣ ਕੀਰਤਨ ਕਰਨ ਦਾ ਹੈ। ਮੈਨੂੰ ਬੜੀ ਘਾਟ ਪਰਤੀਤ ਹੁੰਦੀ ਹੈ ਜਦੋਂ ਮੈਂ ਇਹ ਅਨੁਭਵ ਕਰਦਾ ਹਾਂ ਕਿ ਪੰਥ ਦੇ ਪ੍ਰਸਿੱਧ ਰਾਗੀ ਸਜਣ ਕੀਰਤਨ ਸਮੇਂ ਗੁਰਬਾਣੀ ਦਾ ਗਾਇਨ ਬਹੁਤ ਘਟ ਕਰਦੇ ਹਨ ਅਤੇ ਹੋਰ ਗੱਲਾਂ ਅਤੇ ਸਾਖੀਆਂ ਜ਼ਿਆਦਾ ਉਚਾਰਦੇ ਹਨ। ਇਹ ਮਾਨੋ ਦੁੱਧ ਵਿੱਚ ਪਾਣੀ ਮਿਲਾਣ ਵਾਲੀ ਗੱਲ ਹੁੰਦੀ ਹੈ। ਇਸ ਮਿਲਾਵਟ ਨੂੰ ਰੋਕਣ ਦੇ ਜਤਨ ਹੋਣੇ ਚਾਹੀਦੇ ਹਨ।

ਹਰਬਿੰਦਰ ਸਿੰਘ ਚੰਡੀਗੜ੍ਹ

# ਜਿਨਾ ਰਾਸਿ ਨਾ ਸਾਚੁ ਹੈ

ਗੁਰੂ ਨਾਨਕ ਦੇਵ ਜੀ ਨੇ ਜਦੋਂ ਬਾਣੀ ਰਚੀ ਸੀ ਤਾਂ ਉਹਨਾਂ ਦੇ ਸਾਹਮਣੇ ਮੰਤਵ ਸੀ ਇੱਕ ਸੱਚਾ ਤੇ ਸੁੱਚਾ ਮਨੁੱਖ ਸਿਰਜਣ ਦਾ । ਉਹਨਾਂ ਨੇ ਇਸੇ ਲਈ ਸੱਚ ਤੋਂ ਵੀ ਉੱਚਾ ਸੱਚੇ ਆਚਾਰ ਨੂੰ ਸਥਾਨ ਦਿੱਤਾ । ਇੱਕ ਸ਼ਬਦ ਵਿੱਚ ਸੱਚਾ ਵਪਾਰ ਕਰਨ ਦਾ ਉਪਦੇਸ਼ ਦਿੰਦਿਆਂ ਆਖਦੇ ਹਨ :

**ਜਿਨਾ ਰਾਸਿ ਨਾ ਸਚੁ ਹੈ ਕਿਉਂ ਤਿਨਾ ਸੁਖੁ ਹੋਇ ।**
**ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ।**
**ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ।**
**ਖੋਟੇ ਪੋਤੈ ਨਾ ਪਵਿ ਤਿਨ ਹਰਿ ਗੁਰ ਦਰਸੁ ਨਾ ਹੋਇ ।**
**ਖੋਟੇ ਜਾਤਿ ਨਾ ਪਤਿ ਹੈ ਖੋਇ ਨਾ ਸੀਝਸਿ ਕੋਇ ।**
**ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ ।**

(ਗੁਰੂ ਗ੍ਰੰਥ ਸਾਹਿਬ ਪੰਨਾ 22-23)

ਸਾਡਾ ਬਹੁਤਿਆਂ ਦਾ ਜੀਵਨ ਝੂਠ ਤੇ ਅਧਾਰਤ ਹੈ ਇਸੇ ਲਈ ਸਾਡੀ ਕੌਮ ਮਿਰਗ ਵਾਂਗੂ ਫਾਹੀ ਵਿੱਚ ਫਸੀ ਘਣੇ ਦੂਖ ਵਿੱਚ ਰੋ ਰਹੀ ਹੈ ।

ਇਹ ਤਾਂ ਗੱਲ ਨਹੀਂ ਕਿ ਗੁਰੂ ਸਾਹਿਬ ਦੇ ਉਪਰੋਕਤ ਉਪਦੇਸ਼ ਮੁਤਾਬਕ ਕੋਈ ਸਿਖ ਨਾ ਹੋਵੇ । "ਹੈਣ ਵਿਰਲੇ ਨਾਹੀ ਘਣੇ" । ਪਰ ਬਹੁਤੇ ਮੇਰੇ ਵਰਗੇ ਤਾਂ ਉਪਰੋਕਤ ਵਰਨਣ ਦੀ ਪੈਰੋਡੀ ਹੀ ਦਿਸਦੇ ਹਨ । ਸਿਖ ਭਾਵੇਂ ਉਹ ਵਪਾਰੀ ਹੈ, ਭਾਵੇਂ ਸਿਆਸਤਦਾਨ, ਭਾਵੇਂ ਨੌਕਰੀ ਪੇਸ਼ਾ ਤੇ ਭਾਵੇ ਕੋਈ ਧਰਮ-ਉਪਰੇਸ਼ਕ ਬਹੁਤਿਆਂ ਨੇ ਸੱਚ ਦੀ ਥਾਂ ਪੈਸੇ ਨੂੰ ਆਪਣਾ ਮੰਤਵ ਬਣਾ ਲਿਆ ਹੈ ਅਤੇ ਇਸ ਪੈਸੇ ਲਈ ਆਪਣੇ ਸਿਖੀ ਸਰੂਪ ਨੂੰ ਕੈਸ਼ ਕਰਵਾਉਂਦੇ ਹਨ । ਗੁਰੂ ਨਾਨਕ ਦੇਵ ਜੀ ਦਾ ਇਹ ਕਥਨ ਬਹੁਤੇ ਭੇਖਧਾਰੀ ਸਿਖਾਂ ਉੱਪਰ ਲਾਗੂ ਹੋ ਰਿਹਾ ਹੈ ।

**ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ**
**ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ ।**

ਚਿੱਟੇ ਕੱਪੜੇ ਪਾ ਕੇ ਜੋ ਦੁਕਾਨ ਤੇ ਬਹਿੰਦੇ ਹਨ, ਜੋ ਸਿਆਸਤ ਵਿੱਚ ਆਉਂਦੇ ਹਨ, ਜੋ ਨੌਕਰੀ ਕਰਦੇ ਹਨ ਜੋ ਕੀਰਤਨ-ਕਥਾ ਕਰਦੇ ਹਨ ਉਹਨਾਂ ਕੋਲ ਸਧਾਰਨ ਆਦਮੀ ਆਉਂਦਾ ਤਾਂ ਇਸ ਲਈ ਹੈ ਕਿ ਇਹ ਸਚਾ ਸੁੱਚਾ ਮਨੁੱਖ ਹੋਵੇਗਾ ਪਰ ਇਹਨਾਂ ਵਿੱਚੋਂ ਬਹੁਤੇ ਸੱਜਣ ਰੂਪੀ ਠੱਗ ਨਿਕਲਦੇ ਹਨ । ਹਰ ਕਸਬ ਦਾ ਕੋਈ ਨਾ ਕੋਈ ਮਿਆਰ ਹੁੰਦਾ ਹੈ । ਪਰ ਧਰਮ ਦੇ ਖੇਤਰ ਵਿੱਚ ਕੋਈ ਮਿਆਰ ਨਹੀਂ ਦਿਸ ਰਿਹਾ । ਧਰਮ ਦਾ ਉਪਦੇਸ਼ ਦੇਣ ਲਈ ਕੀ ਯੋਗਤਾ ਹੋਣੀ ਚਾਹੀਦੀ ਹੈ ਇਹ ਅਜੇ ਤਕ ਅਸੀਂ ਸਿਖਾਂ ਨੇ ਤਾਂ ਨੀਯਤ ਨਹੀਂ ਕੀਤੀ । ਭਾਵੇਂ ਡਾਕਟਰੀ ਦੇ ਖੇਤਰ ਵਿੱਚ ਵੀ ਪੈਸਾ ਪ੍ਰਧਾਨ ਹੈ ਪਰ ਗਰੀਕ ਦੇ ਪੁਰਾਣੇ ਵਿਦਵਾਨਾਂ ਨੇ ਡਾਕਟਰਾਂ ਲਈ ਇੱਕ ਸਹੁੰ ਨੀਯਤ ਕੀਤੀ ਸੀ । ਇਸ ਦਾ ਅੰਗਰੇਜ਼ੀ ਰੂਪ ਮੈਨੂੰ ਸਤਿਕਾਰ ਯੋਗ ਡਾ. ਸੰਤੋਖ ਸਿੰਘ ਅਤੇ ਸ੍ਰ. ਈਸ਼ਰ ਸਿੰਘ ਭੁਪਾਲ ਵਾਲਿਆਂ ਨੇ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਕਰਨ ਲਈ ਭੇਜਿਆ ਸੀ । ਯੂਨਾਨ ਦੇ ਹਿਪੋਕਰੇਟਿਕ ਸੰਗ੍ਰਹਿ ਵਿੱਚ ਡਾਕਟਰੀ ਕਿੱਤੇ ਵਿੱਚ ਪ੍ਰਵੇਸ਼ ਕਰਨ ਵਾਲਿਆਂ ਲਈ ਇਹ ਸਹੁੰ ਦਰਜ ਹੈ । ਇਸ ਦੇ ਅੰਗਰੇਜ਼ੀ ਅਨੁਵਾਦ ਵਿੱਚੋਂ ਅੱਗੋਂ ਪੰਜਾਬੀ ਵਿੱਚ ਖੁੱਲ੍ਹਾ ਅਨੁਵਾਦ ਹੇਠਾਂ ਦਿੱਤਾ ਜਾਂਦਾ ਹੈ ।

ਮੈਂ ਪੂਰੀ ਇਮਨਦਾਰੀ ਨਾਲ ਇਹ ਸਹੁੰ ਖਾਂਦਾ ਹਾਂ ਅਤੇ ਇਸ ਦੇ ਸ਼ਬਦ ਮੇਰੇ ਲਈ ਸਭ ਤੋਂ ਵੱਧ ਪਵਿੱਤਰ ਹੋਣਗੇ :

-ਕਿ ਮੈਂ ਚਿਕਤਸਾ ਦੇ ਕਿੱਤੇ ਪ੍ਰਤੀ ਵਫਾਦਾਰ ਰਹਾਂਗਾ ਅਤੇ ਆਪਣੇ ਕਿੱਤੇ ਦੇ ਭਾਈਚਾਰੇ ਪ੍ਰਤੀ ਨਿਆਇਸ਼ੀਲ ਅਤੇ ਫਰਾਖਦਿਲ ਰਹਾਂਗਾ ।

- ਕਿ ਮੈਂ ਆਪਣਾ ਜੀਵਨ ਅਤੇ ਇਹ ਕਿੱਤਾ ਇਸ ਕਿੱਤੇ ਦੀ ਆਨ-ਸ਼ਾਨ ਅਨੁਸਾਰ ਚਲਾਵਾਂਗਾ ।

- ਕਿ ਕਿਸੇ ਵੀ ਘਰ ਵਿੱਚ ਮੇਰੀ ਫੇਰੀ ਆਪਣੀ ਪੂਰੀ ਸਮਰਥਾ ਨਾਲ ਉਸ ਘਰ ਦੇ ਬਿਮਾਰ ਦਾ ਇਲਾਜ ਕਰਨ ਹਿਤ ਹੀ ਹੋਵੇਗੀ । ਅਜਿਹਾ ਕਰਦਿਆਂ ਮੈਂ ਆਪਣੇ ਆਪ ਨੂੰ ਕਿਸੇ ਬੁਰਾਈ, ਭ੍ਰਿਸਟਾਚਾਰ ਅਤੇ ਲਾਲਚ ਤੋਂ ਮੁਕਤ ਰਖਾਂਗਾ ।

- ਕਿ ਮੈਂ ਆਪਣੇ ਕਸਬ ਦੀ ਵਰਤੋਂ ਆਪਣੇ ਮਰੀਜ਼ਾਂ ਦੇ ਇਲਾਜ ਲਈ ਕਰਾਂਗਾ ਅਤੇ ਕੋਈ ਅਜਿਹੀ ਦਵਾਈ ਨਹੀਂ ਦੇਵਾਂਗਾ ਜਾਂ ਕੋਈ ਅਜਿਹਾ ਆਪ੍ਰੇਸ਼ਨ ਨਹੀਂ ਕਰਾਂਗਾ ਜਿਸਦਾ ਮੰਤਵ ਕੋਈ ਜੁਰਮ ਹੋਵੇ । ਭਾਵੇ ਅਜਿਹਾ ਕਰਨ ਲਈ ਮੈਨੂੰ ਕਿੰਨਾ ਹੀ ਪ੍ਰੇਰਿਆ ਗਿਆ ਹੋਵੇ ।

- ਕਿ ਮੈਂ ਜੋ ਕੁਝ ਆਪਣੇ ਮਰੀਜ਼ਾਂ ਬਾਰੇ ਜਾਣਾਗਾ ਜਾਂ ਦੇਖਾਂਗਾ ਉਸ ਨੂੰ ਨਸ਼ਰ ਨਹੀਂ ਕਰਾਗਾਂ ਸਗੋਂ ਆਪਣੇ ਤਕ ਹੀ ਸੀਮਤ ਰਖਾਂਗਾ ।

- ਕੀ ਮੈਂ ਉਪਰੋਕਤ ਅਨੁਸਾਰ ਆਪਣੀ ਸਹੁੰ ਦੇ ਸ਼ਬਦਾਂ ਪ੍ਰਤੀ ਵਫਾਦਾਰ ਤੇ ਵਚਨ-ਬਧ ਰਹਾਂਗਾ । ਪਰਮਾਤਮਾ ਕਰੇ ਅਜਿਹਾ ਕਰਦਿਆਂ ਹੀ ਮੈਨੂੰ ਖੁਸ਼ੀ ਅਤੇ ਪ੍ਰਭੂਤਾ ਮਿਲੇ ਨਹੀਂ ਤਾਂ ਇਹਨਾਂ ਤੋਂ ਵਾਂਝਾ ਰਹਾਂ ।

ਕੀ ਸਾਡੇ ਕੀਰਤਨੀਆਂ ਲਈ ਵੀ ਕੋਈ ਐਸੀ ਸਹੁੰ ਬਣ ਸਕਦੀ ਹੈ ਤਾਂ ਜੋ ਅਸੀਂ ਉਸ ਮੁਤਾਬਕ ਆਪਣਾ ਜੀਵਨ ਬਤੀਤ ਕਰਨ ਦੀ ਕੋਸ਼ਿਸ਼ ਕਰੀਏ । ਅਜਿਹੀ ਸਹੁੰ ਤਾਂ ਗੁਰਬਾਣੀ ਵਿੱਚ ਪਹਿਲਾਂ ਹੀ ਲਿਖੀ ਹੋਈ ਹੈ ਆਓ ਇਸ ਨੂੰ ਯਾਦ ਕਰੀਏ ਮਨ ਵਿੱਚ ਵਸਾਈਏ :

**ਭਲੋ ਭਲੋ ਰੇ ਕੀਰਤਨੀਆ**
**ਰਾਮ ਰਮਾ ਰਾਮਾ ਗੁਨ ਗਾਉ ।**
**ਛੋਡਿ ਮਾਇਆ ਕੇ ਧੰਧ ਸੁਆਉ**

(885)

'ਹਿਊਮੈਨਟੀ' ਵਾਲਿਆਂ ਵਲੋਂ ਇਕ ਗਰੀਟਿੰਗ ਕਾਰਡ ਤੇ ਦਿੱਤੇ ਇਸ ਦੇ ਅਰਥ ਬੜੇ ਭਾਵ ਪੂਰਤ ਹਨ :

'ਕੀਰਤਨੀ ਵੀਰ ਧੰਨਤਾ ਯੋਗ ਹਨ ਪਰ ਸ਼ਰਤ ਹੈ ਕਿ ਕੀਰਤਨ ਦਾ ਮਕਸਦ, ਸਰਬ ਵਿਆਪੀ ਅਕਾਲ ਪੁਰਖ ਰਾਮ ਦੀ ਸਿਫਤ ਸਲਾਹ ਹੋਵੇ ਕੇਵਲ ਮਾਇਕ ਲਾਲਸਾ ਨਿਜੀ ਪ੍ਰਸੰਸਾ ਜਾਂ ਸੰਸਾਰਕ ਮਨੋਕਾਮਨਾਵਾਂ ਨਾ ਹੋਣ । ਹੁਕਮ, ਹੈ, "ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ" । ਭਾਈ ਮਰਦਾਨਾ ਜੀ ਦਾ ਜੀਵਨ ਕੀਰਤਨੀਆਂ ਲਈ ਚਾਨਣ ਮੁਕਾਰਾ ਹੈ ।'

ਵਾਹਿਗੁਰੂ ਅਜੋਕੇ ਕੀਰਤਨੀਆਂ ਨੂੰ ਇਸ ਆਦਰਸ਼ ਅਨੁਸਾਰ ਆਪਣਾ ਜੀਵਨ ਜੀਉਣ ਦਾ ਬਲ ਬਖਸੇ




# The Sikh Courier

**88 Mollison Way, Edgware Middlesex**
**(Greator London) U.K.**

# The Sikh Review

**116 Karnani Mansion**
**25-A, Park Steet, Calcutta 700016**

ਅਨਹਦ ਬਾਣੀ, ਅਨਹਦ ਸ਼ਬਦ ਅਤੇ ਅਨਹਦ ਨਾਦ ਦਾ ਸੰਬੰਧ ਅਜਿਹੀ ਧੁੰਨੀ ਜਾਂ ਆਵਾਜ਼ ਨਾਲ ਹੈ, ਜੋ ਬਿਨਾ ਕਿਸੇ ਅਘਾਤ ਤੋਂ ਉਤਪਨ ਹੁੰਦੀ ਹੈ । ਕੋਈ ਵੀ ਧੁੰਨੀ ਜਾਂ ਅਵਾਜ਼ ਦੋ ਚੀਜ਼ਾਂ ਦੇ ਟਕਰਾਓ ਤੋਂ ਪੈਦਾ ਹੁੰਦੀ ਹੈ । ਪਰ ਅਨਹਦ ਨਾਂਦ ਉਹ ਧੁਨੀ ਹੈ ਜੋ ਆਪ ਮੁਹਾਰੇ ਉਪਜਦੀ ਹੈ । ਪਤੰਜਲ ਮੁਨੀ ਦੇ 'ਯੋਗ ਸ਼ਾਸਤਰ' ਵਿੱਚ ਇਸ ਅਨਹਦ ਨਾਦ ਜਾਂ ਅਨਾਹਤ ਨਾਦ ਦਾ ਜ਼ਿਕਰ ਆਇਆ ਹੈ । ਜਦੋਂ ਜੋਗੀ ਆਪਣੀਆਂ ਸਾਰੀਆਂ ਚਿਤ ਬਿਰਤੀਆਂ ਨੂੰ ਏਕਾਗਰ ਕਰਕੇ ਦਸਮ ਦੁਆਰ ਵਿੱਚ ਚੜ੍ਹਾ ਦਿੰਦੇ ਸਨ ਤਾਂ ਉਥੈਂ ਫਿਰ ਇੱਕ ਤਰ੍ਹਾਂ ਦੇ ਨਾਦ ਦੀ ਉਤਪਤੀ ਹੁੰਦੀ ਸੀ ਇਸ ਨੂੰ ਜੋਗੀ ਅਨਾਹਤ ਨਾਦ ਕਹਿੰਦੇ ਸਨ ।

# ਅਨਹਦ ਬਾਣੀ

ਪ੍ਰੋ. ਗੁਰਮੁਖ ਸਿੰਘ ਸਹਿਗਲ

ਇਸ ਨਾਦ ਵਿੱਚ ਇੱਕ ਰੂਹਾਨੀ ਕੈਫੀਅਤ ਹੁੰਦੀ ਹੈ ਅਤੇ ਜੋਗੀ ਲੋਕ ਇਸੇ ਰੂਹਾਨੀ ਕੈਫੀਅਤ ਵਿੱਚ ਲਿਵਲੀਨ ਹੋ ਕੇ ਇਲਾਹੀ ਅਨੰਦ ਪ੍ਰਾਪਤ ਕਰਦੇ ਹਨ ।

ਗੁਰਮਤਿ ਅਨੁਸਾਰ ਅਨਹਦ ਬਾਣੀ ਆਤਮਕ ਮੰਡਲਾਂ ਦਾ ਉਹ ਸੰਗੀਤ ਹੈ ਜਿਸ ਦਾ ਸੰਬੰਧ ਕੰਨਾਂ ਦੇ ਸੁਣਨ ਨਾਲ ਨਹੀਂ ਸਗੋਂ ਇਹ ਤਾਂ ਨਾਮ ਅਭਿਆਸੀ ਸਾਧਕ ਨੂੰ ਮਨ ਦੀ ਏਕਾਗਰਤਾ ਅਥਵਾ ਸਮਾਧੀ ਜਾਂ ਲਿਵ ਵਿੱਚ ਅਨੁਭਵ ਹੁੰਦਾ ਹੈ । ਇਹ ਇੱਕ ਪ੍ਰਕਾਰ ਦਾ ਇਲਹਾਮ ਹੈ ਜੋ ਸ਼ੁੱਧ ਤੇ ਨਿਰਮਲ ਚਿਤ ਜਗਿਆਸੂਆਂ ਨੂੰ ਹੀ ਪ੍ਰਾਪਤ ਹੁੰਦਾ ਹੈ । ਸ਼ੁੱਧ ਅਤੇ ਨਿਰਮਲ ਚਿਤ ਉਹੀ ਸਾਧਕ ਹੋ ਸਕਦਾ ਹੈ ਜਿਸ ਨੇ ਨਿਮਖ ਨਿਮਖ ਨਾਮ ਸਿਮਰਣ ਨਾਲ ਆਪਣੇ ਅੰਦਰੋਂ ਹਉਮੈ ਨੂੰ ਮਿਟਾ ਦਿੱਤਾ ਹੈ ਅਤੇ ਪ੍ਰਭੂ ਦੇ 'ਹੁਕਮਿ' ਦੀ ਪਛਾਣ ਕਰਕੇ ਉਸ ਨਾਲ ਅਭੇਦ ਹੋ ਚੁੱਕਾ ਹੈ । ਪ੍ਰਭੂ ਦਾ ਹੁਕਮਿ ਬੁਝ ਕੇ ਹੀ ਅਨਹਦ ਬਾਣੀ ਦੀ ਅਵਸਥਾ ਤਕ ਪਹੁੰਚਿਆ ਜਾ ਸਕਦਾ ਹੈ । ਅਨਹਦ ਨਾਦ ਵਾਲੀ ਬਾਣੀ ਦੀ ਕੈਫੀਅਤ ਨਾਲ. ਜਗਿਆਸੂ ਦੇ ਮਨ ਉਤੇ ਜੋ ਵਿਸਮਾਦੀ ਅਵਸਥਾ ਤਾਰੀ ਹੁੰਦੀ ਹੈ ਉਹ ਅਕੱਥ ਅਤੇ ਅਕਹਿ ਹੈ । ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ । ਗੁਰਬਾਣੀ ਵਿੱਚ ਆਇਆ ਹੈ :

"ਸੁਨ ਸਮਾਧਿ ਅਨਹਤ ਤਹ ਨਾਦ ॥<br>ਕਹਨ ਨਾ ਜਾਈ ਅਚਰਜ ਬਿਸਮਾਦ ॥ "

ਅਨਹਦ ਨਾਦ ਦੀ ਕੈਫੀਅਤ ਵਿੱਚ ਜੋ ਵੀ ਸਾਧਕ ਪੁੱਜ ਜਾਂਦਾ ਹੈ, ਉਸ ਦੇ ਵਿਸਮਾਦ ਵਿੱਚ ਵਿਭੋਰ ਹੋ ਜਾਂਦਾ ਹੈ । ਇਸ ਦਾ ਸਵਾਦ ਤਾਂ ਗੂੰਗੇ ਦੀ ਮਿਠਾਈ ਵਰਗਾ ਹੈ ਜੋ ਸੁਆਦ ਤਾਂ ਮਾਣ ਸਕਦਾ ਹੈ ਪਰ ਦਸ ਨਹੀਂ ਸਕਦਾ !

"ਜਿਨ ਚਾਖਿਆ ਤਿਸ ਆਇਆ ਸਾਦੁ ॥<br>ਜਿਉ ਗੂੰਗਾ ਮਨ ਮਹਿ ਬਿਸਮਾਦ ॥ "

ਪ੍ਰਭੂ ਦੇ ਰਸਤੇ ਉਤੇ ਚਲਣ ਵਾਲੇ ਸਾਧਕ ਦੀ ਇਹੋ ਇਕ ਇੱਛਾ ਇਹ ਹੁੰਦੀ ਹੈ ਕਿ ਉਹ ਆਪਣੇ ਪ੍ਰਭੂ ਨਾਲ ਅਭੇਦਤਾ ਪ੍ਰਾਪਤ ਕਰ ਲਏ । ਕਿਉਂ ਜੋ ਇਸ ਸੰਸਾਰ ਵਿੱਚ ਆਉਣ ਤੋਂ ਪਹਿਲਾਂ ਜੀਵ ਉਸੇ ਅਕਾਲ ਪੁਰਖ ਦਾ ਇੱਕ ਹਿੱਸਾ ਸੀ ਤੇ ਉਸੇ ਨਾਲ ਹੀ ਇਕਮਿਕ ਸੀ । ਜਦੋਂ ਤੋਂ ਉਸ ਨੇ ਆਪਣੀ ਵੱਖਰੀ ਹੋਂਦ ਅਖ਼ਤਿਆਰ ਕਰ ਲਈ ਉਹ ਉਸ ਪਰਮ ਸੱਤਾ ਅਕਾਲ ਪੁਰਖ ਨਾਲੋਂ ਟੁੱਟ ਗਿਆ । ਸੰਤ ਜਨਾ ਲਈ ਪ੍ਰਭੂ ਤੋਂ ਇਹ ਵਿਛੋੜਾ ਅਸਹਿ ਹੁੰਦਾ ਹੈ । ਉਹ ਪ੍ਰਭੂ ਦੇ ਵਿਛੋੜੇ ਵਿੱਚ ਬਿਹਬਲ ਹੋਏ ਉਸ ਨੂੰ ਪਾਉਣ ਲਈ ਜਤਨਸ਼ੀਲ ਰਹਿੰਦੇ ਹਨ । ਦੁਨਿਆਵੀ ਪਦਾਰਥ ਤੇ ਸਰੀਰਕ ਖ਼ੁਸ਼ੀਆਂ ਜੀਵ ਨੂੰ ਪ੍ਰਭੂ ਤੋਂ ਦੂਰ ਲੈ ਜਾਂਦੀਆਂ ਹਨ । ਜੀਵ ਉਦੋਂ ਤਕ ਪ੍ਰਭੂ ਦਾ ਮਿਲਾਪ ਜਾਂ ਵਿਸਾਲ ਨਹੀਂ ਪ੍ਰਾਪਤ ਕਰ ਸਕਦਾ ਜਦੋਂ ਤੱਕ ਉਹ ਆਪਣੇ ਅੰਦਰੋਂ ਹਉਮੈ ਰੂਪੀ ਦੁਨਿਆਵੀ ਪਦਾਰਥਕ ਖ਼ਾਹਿਸ਼ਾਂ ਨੂੰ ਖ਼ਾਰਜ ਨਹੀਂ ਕਰਦਾ । ਹਉਮੈ ਰੂਪੀ ਦੁਨਿਆਵੀ ਖ਼ਾਹਿਸ਼ਾਂ ਦੀ ਪ੍ਰਭੂ ਦੇ ਵਸਲ ਵਿੱਚ ਇੱਕ ਦੀਵਾਰ ਦੀ ਤਰ੍ਹਾਂ ਹਾਇਲ

ਹੁੰਦੀਆਂ ਹਨ । ਦੁਨਿਆਵੀ ਖ਼ਾਹਿਸ਼ਾਂ ਅਤੇ ਰੂਹਾਨੀ ਕੈਫ਼ੀਅਤ ਦੋ ਵਿਰੋਧੀ ਸ਼ਕਤੀਆਂ ਹਨ ਅਤੇ ਇਨ੍ਹਾਂ ਦਾ ਆਪਸ ਵਿੱਚ ਮੇਲ ਨਹੀਂ ਹੋ ਸਕਦਾ । ਆਤਮਕ ਜਾਂ ਰੂਹਾਨੀ ਬੁਲੰਦੀਆਂ ਤਕ ਪਹੁੰਚਣ ਲਈ ਆਪਣੇ ਅੰਦਰੋਂ ਹਉਮੈ ਰੂਪੀ ਦੁਨਿਆਵੀ ਖ਼ਾਹਿਸ਼ਾਂ ਨੂੰ ਖ਼ਾਰਜ ਕਰਨਾ ਹੋਵੇਗਾ । ਹਉਮੈ ਮਿਟਣ ਨਾਲ ਹੀ ਰੂਹਾਨੀ ਦਰਵਾਜ਼ੇ ਦੀ ਖਿੜਕੀ ਖੁਲਦੀ ਹੈ । ਰੂਹਾਨੀ ਮੰਡਲਾਂ ਵਿੱਚ ਹੀ ਅਨਹਦ ਬਾਣੀ ਦਾ ਅਨੁਭਵ ਹੋ ਸਕਦਾ ਹੈ । ਇਸ ਅਨੁਭਵ ਤਕ ਪਹੁੰਚਣ ਲਈ ਕਿਸੇ ਪੂਰਨ ਗੁਰੂ ਜਾਂ ਕਾਮਿਲ ਮੁਰਸ਼ਦ ਦੀ ਟੇਕ ਲੈਣੀ ਜ਼ਰੂਰੀ ਹੈ - ਗੁਰਬਾਣੀ ਵਿੱਚ ਆਇਆ ਹੈ :

"ਅਨਹਤ ਬਾਣੀ ਗੁਰ ਸਬਦ ਜਾਣੀ ਹਰਿ ਨਾਮ
ਹਰਿ ਰਸ ਭੋਗੋ ॥ "

ਅਨਹਦ ਬਾਣੀ ਅਜਿਹੀ ਪੂੰਜੀ ਹੈ ਜਿਸ ਦੀ ਪ੍ਰਾਪਤੀ ਸੰਤ ਜਨਾਂ ਦੀ ਕਿਰਪਾ ਨਾਲ ਹੀ ਸੰਭਵ ਹੈ । ਸੰਤ ਜਨ ਹੀ ਇਸ ਤੱਕ ਪਹੁੰਚਣ ਦੇ ਸਮਰਥ ਹੁੰਦੇ ਹਨ । ਗੁਰਬਾਣੀ ਵਿੱਚ ਆਇਆ ਹੈ,

"ਅਨਹਦ ਬਾਣੀ ਪੂੰਜੀ, ਸੰਤਨ ਹਥ ਰਾਖੀ ਕੂੰਜੀ ॥ "

ਅਰਥਾਤ ਅਨਹਦ ਬਾਣੀ ਅਜਿਹੀ ਪੂੰਜੀ ਜਾਂ ਰਾਸ ਹੈ ਜਿਸ ਦੇ ਖ਼ਜ਼ਾਨੇ ਦੀ ਕੁੰਜੀ ਸੰਤ ਜਨਾ ਕੋਲ ਹੀ ਹੈ । ਕੋਈ ਵਿਰਲਾ ਵਿਅਕਤੀ ਹੀ ਇਸ ਦਾ ਰਸ ਮਾਣ ਸਕਦਾ ਹੈ । ਗੁਰੂ ਅਮਰ ਦਾਸ ਜੀ ਫ਼ਰਮਾਉਂਦੇ ਹਨ,

"ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥
ਗੁਰਮੁਖ ਵਿਰਲੈ ਕਿਨੈ ਚਾਖਿ ਡੀਠੀ ॥ "

ਇਸ ਬਾਣੀ ਦਾ ਅਹਿਸਾਸ ਹੋਣ ਨਾਲ ਮਨ ਅਨੰਦ ਤੇ ਵਿਸਮਾਦ ਦੀ ਅਵਸਥਾ ਵਿੱਚ ਝੂੰਮਣ ਲਗਦਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਆਰਤੀ ਵਿੱਚ ਇਸ ਤਰ੍ਹਾਂ ਦੇ ਅਨੁਭਵ ਦਾ ਵਰਣਨ ਮਿਲਦਾ ਹੈ,

"ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ
ਅਨਹਤਾ ਸਬਦ ਵਾਜੰਤ ਭੇਰੀ ॥"

ਅਨਹਦ ਬਾਣੀ ਦੀ ਵਿਸਮਾਦੀ ਅਵਸਥਾ ਮਨੁੱਖ ਨੂੰ ਸਰੀਰਕ ਸੁਆਦਾਂ ਦੀ ਚਾਰ ਦੀਵਾਰੀ ਤੋਂ ਬਾਹਰ ਲੈ ਜਾ ਕੇ ਉਸ ਨੂੰ ਰੂਹਾਨੀ ਕੈਫ਼ੀਅਤ ਨਾਲ ਸਰਸ਼ਾਰ ਕਰ ਦਿੰਦੀ ਹੈ । ਇਹ ਵਿਸਮਾਦੀ ਅਨੁਭਵ ਮਨੁੱਖ ਨੂੰ ਦ੍ਰਿਸ਼ਮਾਨ ਜਗਤ ਦੇ ਪਿਛੇ ਸਰਬ ਵਿਆਪੀ ਜੋਤ ਨਾਲ ਜੋੜਦਾ ਹੈ । ਇਸ ਵਿਸਮਾਦੀ ਅਵਸਥਾ ਵਿੱਚ ਜੀਵ ਬ੍ਰਹਮ ਤੇ ਬ੍ਰਹਿਮੰਡ ਸਭ ਇੱਕ ਵਿਸਮਾਦੀ ਤਾਰ ਵਿੱਚ ਇਕਰਸ ਹੋ ਜਾਂਦੇ ਹਨ । ਜਦੋਂ ਜੀਵ ਦਾ ਅੰਦਰਲਾ ਬ੍ਰਹਿਮੰਡ ਇਕ ਸੁਰ ਹੋ ਜਾਂਦਾ ਹੈ ਤਾਂ ਫਿਰ ਇਹ ਇਕਸੁਰਤਾ ਤੋੜਿਆਂ ਨਹੀਂ ਟੁੱਟਦੀ, ਵਿਛੋੜਿਆਂ ਨਹੀਂ ਛੁੱਟਦੀ । ਅਜਿਹੀ ਇਕ ਰਸ ਅਵਸਥਾ ਨੂੰ ਲਿਵ ਕਹਿੰਦੇ ਹਨ । ਅਨਹਦ ਬਾਣੀ ਦੀ ਕੈਫ਼ੀਅਤ ਤਕ ਪਹੁੰਚਣ ਲਈ ਅਜਿਹੀ ਇਕਸੁਰਤਾ ਵਾਲੀ ਸੱਚੀ ਲਿਵ ਦਾ ਹੋਣਾ ਬਹੁਤ ਜ਼ਰੂਰੀ ਹੈ । ਗੁਰੂ ਅਮਰ ਦਾਸ ਜੀ ਅਨੰਦ ਸਾਹਿਬ ਵਿਚ ਫ਼ਰਮਾਉਂਦੇ ਹਨ,

"ਸਾਚੀ ਲਿਵੈ ਬਿਨ ਦੇਹ ਨਿਮਾਣੀ ॥
ਦੇਹਿ ਨਿਮਾਣੀ ਲਿਵੈ ਬਾਝੌ ਕਿਆ ਕਰੇ ਵੇਚਾਰਿਆ ॥ "

ਅਨੰਦ ਸਾਹਿਬ ਕੁਝ ਅਜਿਹੇ ਵਿਸਮਾਦੀ ਅਵਸਥਾ ਵਿੱਚ ਰਚੀ ਗਈ ਬਾਣੀ ਹੈ ਜਿਥੇ ਇਕ ਜਗਿਆਸੂ ਦੀ ਲਿਵ ਜੁੜੀ ਹੋਈ ਹੈ । ਉਸ ਨੇ ਨਾਮ ਸਿਮਰਨ ਨਾਲ ਆਪਣੇ ਅੰਦਰੋਂ ਹਉਮੈ ਨੂੰ ਮਿਟਾ ਲਿਆ ਹੈ ਅਤੇ ਦੁਨਿਆਵੀ ਖ਼ਾਹਿਸ਼ਾਂ ਤੋਂ ਉਪਰ ਉਠ ਕੇ ਪ੍ਰਭੂ ਦੇ ਹੁਕਮਿ ਦੀ ਪਛਾਣ ਕਰ ਲਈ ਹੈ ਅਤੇ ਇਸ ਹੁਕਮ ਦੀ ਪਛਾਣ ਸਦਕਾ ਰੂਹਾਨੀ ਮੰਡਲਾਂ ਵਿੱਚ ਵਿਸਮਾਦੀ ਅਨੰਦ ਦੀ ਅਵਸਥਾ ਵਿੱਚ ਵਿਭੋਰ ਹੋਇਆ ਪ੍ਰਭੂ ਦਾ ਜਸ ਗਾਇਨ ਕਰ ਰਿਹਾ ਹੈ । ਅਨੰਦ ਸਾਹਿਬ ਦੀ ਬਾਣੀ ਸ਼ੁਰੂ ਹੀ ਇਸ ਵਿਸਮਾਦੀ ਅਵਸਥਾ ਤੋਂ ਹੁੰਦੀ ਹੈ,

"ਅਨੰਦ ਭਇਆ ਮੇਰੀ ਮਾਏ, ਸਤਿਗੁਰੂ ਮੈ ਪਾਇਆ ।
ਸਤਿਗੁਰੂ ਤ ਪਾਇਆ,ਸਹਜ ਸੇਤੀ ਮਨ ਵਜੀਆ ਵਧਾਈਆ ।
ਰਾਗ ਰਤਨ ਪਰਵਾਰ ਪਰੀਆਂ ਸਬਦ ਗਾਵਣ ਆਈਆ ।"

ਗੁਰੂ ਸਾਹਿਬ ਅਨਹਦ ਨਾਦ ਦੇ ਇਸ ਇਲਾਹੀ ਸੰਗੀਤ ਨਾਲ ਇਕ ਸੁਰ ਹੋਏ ਪ੍ਰਭੂ ਦਾ ਜਸ ਗਾਇਨ ਕਰ ਰਹੇ

ਹਨ । ਉਨ੍ਹਾਂ ਦਾ ਰੋਮ ਰੋਮ ਅਨਹਦ ਬਾਣੀ ਨਾਲ ਗੂੰਜ ਰਿਹਾ ਹੈ ।

"ਬਿਨਵੰਤ ਨਾਨਕ ਗੁਰ ਚਰਨ ਲਾਗੇ ਵਾਜੇ ਅਨਹਦ ਤੂਰੇ ।"

ਅਨਹਦ ਬਾਣੀ ਦੀਆਂ ਤਰਬਾਂ ਜਦੋਂ ਕਿਸੇ ਜੀਵ ਦੇ ਅੰਦਰ ਗੂੰਜਣ ਲਗਦੀਆਂ ਹਨ ਤਾਂ ਉਸ ਦਾ ਮਨ, ਬੁਧੀ, ਆਤਮਾ ਸਭ ਸ਼ੁਧ ਹੋ ਜਾਂਦੇ ਹਨ । ਮਨ ਦੀ ਸ਼ੁਧਤਾ ਮਨੁੱਖ ਨੂੰ ਸੰਸਾਰ ਦੇ ਮੋਹ ਮਾਇਆ ਜਾਲ ਤੋਂ ਮੁਕਤ ਕਰ ਦਿੰਦੀ ਹੈ । ਸ਼ੁਧ ਮਨ ਅਤੇ ਏਕਾਗਰ ਚਿਤ ਵਿਅਕਤੀ ਕਦੇ ਵੀ ਕਿਸੇ ਨੂੰ ਦੁੱਖ ਨਹੀਂ ਦੇ ਸਕਦਾ ਅਤੇ ਹਮੇਸ਼ਾਂ ਲੋਕਾਂ ਦਾ ਭਲਾ ਹੀ ਚਾਹੁੰਦਾ ਹੈ । ਅੱਜ ਦੇ ਇਸ ਪਦਾਰਥਵਾਦੀ ਜੁੱਗ ਵਿੱਚ ਅਨਹਦ ਬਾਣੀ ਦੀ ਕੈਫ਼ੀਅਤ ਤਕ ਪਹੁੰਚਣਾ ਬਹੁਤ ਮੁਸ਼ਕਲ ਹੈ ।

# ਸਿਖ ਅਰਦਾਸ ਦੀ ਵਿਸ਼ੇਸ਼ਤਾ

**ਡ. ਜਸਵੰਤ ਸਿੰਘ ਨੇਕੀ**

ਸਿਖ ਅਰਦਾਸ ਬੜੀ ਵਿਚਿਤ੍ਰ ਰਚਨਾ ਹੈ । ਇਹ ਇਕੋ ਵੇਲੇ ਪ੍ਰਾਰਥਨਾ ਵੀ ਹੈ, ਪ੍ਰੇਰਨਾ ਵੀ ਤੇ ਪ੍ਰਤਗਿਆ ਵੀ । ਇਹ ਯਾਚਨਾ-ਪੂਰਕ ਘੱਟ ਹੈ, ਮਹਿਮਾ-ਪੂਰਕ ਵਧੇਰੇ । ਮਹਿਮਾ ਇਸ ਵਿਚ ਪਹਿਲੋਂ ਹੈ, ਯਾਚਨਾ ਮਗਰੋਂ । ਯਾਚਨਾ ਵੀ ਪਹਿਲੋਂ ਸਮੂਹਕ ਹੈ, ਪਿਛੋਂ ਨਿੱਜੀ; ਸਮੂਹਕ ਲਾਜ਼ਮੀ ਹੈ, ਨਿੱਜੀ ਅਖ਼ਤਿਆਰੀ ।

ਸਭ ਤੋਂ ਪ੍ਰਥਮ, ਇਹ ਸਾਡੇ ਅਕੀਦੇ ਦਾ ਐਲਾਨ ਹੈ । ਸਿਖ ਧਰਮ ਵਿੱਚ 'ਪ੍ਰਥਮ ਗੱਲ ਪ੍ਰਥਮ' ਦੀ ਪ੍ਰਥਾ ਜਾਪਦੀ ਹੈ । ਗੁਰੂ ਗ੍ਰੰਥ ਸਾਹਿਬ ਦੀ ਇਕ ਵਿਸ਼ੇਸ਼ਤਾਈ ਇਹ ਹੈ ਕਿ ਇਸ ਵਿੱਚ ਬੁਨਿਆਦੀ ਗੱਲ ਸਭ ਤੋਂ ਪਹਿਲਾਂ ਕਹੀ ਗਈ ਹੈ । ਇਸ ਧਰਮ-ਪੁਸਤਕ ਦਾ 'ੴ ਸਤਿਨਾਮ' ਤੋਂ ਅਰੰਭ ਹੋਣਾ ਸਿਖ ਧਰਮ ਦੇ ਇਕੀਸ਼ਰਵਾਦ ਦੀ ਨਿਰਸੰਦੇਹ ਘੋਸ਼ਣਾ ਹੈ । ਇਵੇਂ ਹੀ ਅਰਦਾਸ ਦਾ 'ੴ ਵਾਹਿਗੁਰੂ ਜੀ ਕੀ ਫਤਹ' ਤੋਂ ਸ਼ੁਰੂ ਹੋਣਾ ਵੀ ਇਸੇ ਅਕੀਦੇ ਦਾ ਐਲਾਨ ਹੈ । ਏਹੋ ਸਿੱਖੀ ਦਾ ਮੂਲ ਵਿਸ਼ਵਾਸ ਹੈ ।

ਅਰਦਾਸ ਵਿੱਚ ਧਿਆਇਆ ਦਸਾਂ ਗੁਰੂ ਸਾਹਿਬਾਂ ਨੂੰ ਵੀ ਗਿਆ ਹੈ, ਪਾਠ-ਦੀਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੀ ਮਨ ਵਿੱਚ ਪਰਸੇ ਜਾਂਦੇ ਹਨ, ਯਾਦ ਸ਼ਹੀਦਾਂ ਨੂੰ ਵੀ ਕੀਤਾ ਜਾਂਦਾ ਹੈ, ਪਰ ਹਰ ਵਾਰ 'ਧਿਆਨ ਧਰ ਕੇ' ਵਾਹਿਗੁਰੂ ਬੋਲਣ ਦਾ ਆਦੇਸ਼ ਇਸ ਗੱਲ ਦਾ ਲਖਾਇਕ ਹੈ ਕਿ ਜੁੜਨਾ ਕੇਵਲ ਵਾਹਿਗੁਰੂ ਨਾਲ ਹੈ । ਸਰਬੱਤ ਖਾਲਸਾ ਜੀ ਵਲੋਂ ਵੀ ਜਦ ਯਾਚਨਾ ਅਰੰਭੀ ਜਾਂਦੀ ਹੈ ਤਾਂ ਵੀ ਪਹਿਲੀ ਮੰਗ ਏਹੋ ਮੰਗੀ ਜਾਂਦੀ ਹੈ ਕਿ "ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ ਨਾਮ ਚਿਤ ਆਵੇ...।" ਬਾਕੀ ਸਭ ਯਾਚਨਾਵਾਂ ਮਗਰੋਂ ਆਉਂਦੀਆਂ ਹਨ । ਅਰਦਾਸ ਸਮਾਪਤ ਹੋਣ ਤੋਂ ਪਹਿਲਾਂ ਵੀ ਇਹ ਯਾਚਨਾ ਹੁੰਦੀ ਹੈ ਕਿ "ਹੇ ਦਾਤਾਰ ਜੀ ! ਸੋਈ ਗੁਰਮੁਖ ਪਿਆਰੇ ਮੇਲੋ, ਜਿਨ੍ਹਾਂ ਮਿਲਿਆਂ ਆਪ ਦਾ ਪਰਮ ਪਵਿੱਤਰ ਨਾਮ ਵਾਹਿਗੁਰੂ ਚਿਤ ਆਵੇ ।" ਇਉਂ ਅਰਦਾਸ ਬਾਰ ਬਾਰ ਸਾਨੂੰ ਸਾਡਾ ਇਕੀਸ਼ਰਵਾਦੀ ਨਿਸਚਾ ਦ੍ਰਿੜ ਕਰਾਉਂਦੀ ਹੈ ਤੇ ਇਕੋ ਨਿਰਗੁਣ-ਸਰਗੁਣ ਅਪਰੰਪਰ-ਵਿਆਪਕ ਨਿਰੰਕਾਰ-ਓਅੰਕਾਰ ਨੂੰ ਸੰਬੋਧਨ ਹੁੰਦੀ ਹੈ ।

ਅਰਦਾਸ ਰਾਹੀਂ ਹਰ ਸਿੱਖ ਦੂਜੇ ਹਰ ਸਿਖ ਨਾਲ ਇਕੀ- ਸ਼ਰਵਾਦ ਦੇ ਰਿਸ਼ਤੇ ਵਿੱਚ ਬੱਝ ਜਾਂਦਾ ਹੈ । ਦਸਾਂ ਗੁਰੂ ਸਾਹਿਬਾਂ ਤੇ ਸ਼ਬਦ-ਗੁਰੂ 'ਤੇ ਨਿਸਚਾ ਪ੍ਰਪੱਕ ਕਰ, ਆਪਣੇ ਸਹਿ-ਧਰਮੀਆਂ ਦੀ ਨਿੜੇਤਾ ਮਾਣਦਾ ਹੈ । ਪੰਥ ਦੀ ਕਮਾਈ ਨੂੰ ਚੇਤੇ ਕਰ, ਆਪਣੇ ਆਪ ਨੂੰ ਪੰਥਕ ਕਮਾਈ ਦੇ ਗੌਰਵ ਨਾਲ ਜੋੜਦਾ ਹੈ । ਸਮੂਹਕ ਆਕਾਂਖਿਆਵਾਂ ਲਈ ਜੋਦੜੀ ਕਰ, ਕੌਮੀ ਸਾਂਝੀਵਾਲਤਾ ਦਾ ਅਨੁਭਵ ਦ੍ਰਿੜ ਕਰਦਾ ਹੈ । ਪੰਥ ਦੀਆਂ ਸੰਸਥਾਵਾਂ-ਤਖਤਾਂ, ਗੁਰਦੁਆਰਿਆ, ਚਉਕੀਆਂ, ਝੰਡਿਆਂ, ਬੁੰਗਿਆਂ- ਨੂੰ ਚਿਤਵ ਕੇ ਸਾਂਝੇ ਵਰਦਾਨ ਤੇ ਸਾਂਝੀ ਚੜ੍ਹਦੀ ਕਲਾ ਮੰਗਦਾ ਹੈ । ਇਉਂ ਅਰਦਾਸ ਕੌਮੀ ਏਕਤਾ ਦੀ ਸੰਸਥਾ ਹੈ, ਜਿਸ ਦਾ ਉਦੇਸ਼ 'ਜੋੜਨਾ' ਹੈ । ਇਹ ਅਰਦਾਸ ਦੀ ਮਨੋ-ਵਿਗਿਆਨਕ ਵਿਸ਼ੇਸ਼ਤਾ ਹੈ ਕਿ ਉਹ ਹਰ ਸਿਖ ਨੂੰ ਆਪਣੇ ਗੁਰ-ਭਾਈਆਂ ਨਾਲ ਸਾਂਝ ਪਾਉਣ ਤੇ ਪਾਲਣਾ ਦੀ ਪ੍ਰੇਰਨਾ ਦੇਂਦੀ ਹੈ ।

ਸਮੁੱਚੇ ਸਿੱਖ ਭਾਈਚਾਰੇ ਦੀ ਨਿਸ਼ਠਾ ਭਰੀ ਆਸਤਾ ਤੇ ਭਾਵੁਕ ਏਕਤਾ ਸਾਡੀ ਅਰਦਾਸ ਦੀ ਮੁਦ੍ਹਾ ਹੈ । ਨਿੱਜੀ ਵਿਸਾਹ ਤੋਂ ਸਮੂਹਕ ਭਰੋਸੇ ਤਕ ਦੇ ਸਿੱਖ ਵਿਸ਼ਵਾਸ

ਦੀ ਛਾਪ ਇਸ ਵਿੱਚ ਮੌਜੂਦ ਹੈ । ਸਮੁੱਚੇ ਪੰਥ ਦੀ ਆਤਮਕ ਚੇਤਨਾ 'ਚੋਂ ਜਾਗੀ ਸਰਬ ਸਾਂਝੀ ਆਤਮਕ ਅਭਿਲਾਖਾ ਦੇ ਇਸ ਵਿੱਚ ਝਲਕਾਰ ਹਨ । ਕੌਮ ਦੇ ਨਿਰਮਲ ਕਿਰਦਾਰ ਦੀ ਅਵਿਰਲ ਇਤਿਹਾਸਕ ਗਤੀ ਇਸ ਦਾ ਨੀਸਾਣ ਹੈ । ਇਤਿਹਾਸਕ ਹੁੰਦੀ ਹੋਈ ਵੀ ਇਹ ਨਾ ਕਿਸੇ ਕਾਲ ਥਿਤਿ ਨਾਲ ਜੁੜਦੀ ਹੈ, ਨਾ ਸਥਾਨ ਦੀਆਂ ਰੰਗਣਾਂ ਸ੍ਵੀਕਾਰ ਕਰਦੀ ਹੈ, ਨਾ ਪਾਤ੍ਰਾਂ ਨੂੰ ਪੇਸ਼ ਕਰਦੀ ਹੈ । ਇਸ ਵਿੱਚ ਇਤਿਹਾਸਕ ਕਿਰਦਾਰਾਂ ਨੂੰ ਨਹੀਂ, ਇਤਿਹਾਸਕ ਗੌਰਵ ਨੂੰ ਉਘਾੜਿਆ ਗਿਆ ਹੈ । ਇਹ ਤਾਂ ਕੌਮੀ ਇਤਿਹਾਸ 'ਚੋਂ ਪ੍ਰਾਪਤ ਹੋਣ ਵਾਲੇ ਪ੍ਰਕਾਸ਼ ਤੇ ਆਤਮ-ਵਿਸ਼ਵਾਸ ਦੀ ਪ੍ਰੇਰਨਾ-ਸ੍ਰੋਤ ਦਸਤਾਵੇਜ਼ ਹੈ ।

ਅਰਦਾਸ ਵਿਚਲਾ ਇੱਕ ਇੱਕ ਅੱਖਰ ਪਹਿਲਾਂ ਜੀਵਿਆ ਗਿਆ ਹੈ । ਨਾਮ ਜਪਿਆ ਗਿਆ ਹੈ, ਵੰਡ ਕੇ ਛਕਿਆ ਗਿਆ ਹੈ, ਦੇਗ ਚਲਾਈ ਗਈ ਹੈ, ਤੇਗ ਵਾਹੀ ਗਈ ਹੈ, ਵੇਖ ਕੇ ਅਣਡਿਠ ਕੀਤਾ ਗਿਆ ਹੈ, ਭਾਣੇ ਨੂੰ ਮਿੱਠਾ ਕਰ ਕੇ ਮੰਨਿਆ ਗਿਆ ਹੈ । ਤਾਂ ਹੀ ਐਸੇ ਜਪੀਆਂ-ਤਪੀਆਂ, ਪਿਆਰਿਆਂ-ਸਚਿਆਰਿਆਂ ਦੀ ਪਾਵਨ ਕਮਾਈ ਨੂੰ ਯਾਦ ਕੀਤਾ ਜਾਂਦਾ ਹੈ ਤੇ ਦ੍ਰਵੇ ਹੋਏ ਮਨ ਨਾਲ "ਵਾਹਿਗੁਰੂ" ਨੂੰ ਯਾਦ ਕੀਤਾ ਜਾਂਦਾ ਹੈ । "ਵਾਹਿਗੁਰੂ" ਦੇ ਇਹ ਬੋਲ, ਆਪਣੀ ਜ਼ਿੰਦਗੀ ਵਿੱਚ ਐਸੀ ਕਮਾਈ ਦੀ ਆਕਾਂਖਿਆ ਦਾ ਅਵਾਜ਼ਾ ਹਨ ।

ਸਿਖ ਅਰਦਾਸ ਵਿੱਚ ਕੌਮ ਦੇ ਸ਼ਹੀਦਾਂ ਦਾ ਅਭਿਨੰਦਨ ਹੈ । ਜਿਨ੍ਹਾਂ ਬੰਦ ਬੰਦ ਕਟਵਾਏ, ਖੋਪਰੀਆਂ ਉਤਰਵਾਈਆਂ, ਆਰਿਆਂ ਨਾਲ ਤਨ ਚਿਰਵਾਏ, ਚਰਖੜੀਆਂ ਤੇ ਚੜ੍ਹੇ, ਪਰ ਸਿਦਕ ਨਹੀਂ ਹਾਰਿਆ, ਜਿਨ੍ਹਾਂ ਮਾਤਾਵਾਂ ਨੇ ਸਵਾ ਸਵਾ ਮਣ ਪੀਸਣ ਪੀਸੇ, ਆਪਣੇ ਬੱਚਿਆਂ ਦੇ ਟੋਟੇ ਟੋਟੇ ਕਰਵਾ, ਗਲਾਂ ਵਿੱਚ ਹਾਰ ਪੁਆਏ, ਪਰ ਭਾਣੇ ਨੂੰ ਮਿੱਠਾ ਕਰ ਕੇ ਮੰਨਿਆ, ਇਹਨਾਂ ਸਭਨਾਂ ਸ਼ਹੀਦਾਂ ਦਾ ਅਰਦਾਸ ਵਿੱਚ ਅਭਿਨੰਦਨ ਕੀਤਾ ਗਿਆ ਹੈ । ਪੰਥ ਨੇ ਕਦੇ ਆਪਣੇ ਸ਼ਹੀਦਾਂ ਨੂੰ ਨਹੀਂ ਵਿਸਾਰਿਆ; ਸਦਾ ਉਹਨਾਂ ਨੂੰ ਆਪਣੀਆਂ ਅਰਦਾਸਾਂ ਦਾ ਅੰਗ ਬਣਾਇਆ । ਉਹਨਾਂ ਨੂੰ ਸਦਾ ਆਪਣੀ ਸਿਮਰਿਤੀ ਵਿੱਚ ਵਸਾਇਆ । ਆਪਣੇ ਅਭਿਮਾਨ ਨਾਲ ਉਹਨਾਂ ਨੂੰ ਜੋੜਿਆ । ਸੰਕਟ ਵੇਲੇ ਉਹਨਾਂ ਤੋਂ ਪ੍ਰੇਰਨਾ ਲਈ ।

ਅਰਦਾਸ ਸ਼ਹੀਦੀ ਦੀ ਆਰਸੀ ਹੀ ਨਹੀਂ, ਸਰਬੱਤ ਖ਼ਾਲਸਾ ਜੀ ਦਾ ਜ਼ਫਰਨਾਮਾ ਵੀ ਹੈ । ਇਸ ਵਿੱਚ ਸ਼ਹੀਦਾਂ ਦੀ ਯਾਦ ਤੇ ਰੁਦਨ ਨਹੀਂ, ਗੌਰਵ ਪ੍ਰਗਟ ਕੀਤਾ ਹੈ । ਸੂਰਬੀਰਾਂ ਨੂੰ ਯਾਦ ਕੀਤਾ ਹੈ । ਤੇਗ਼ ਵਾਹੁਣ ਵਾਲਿਆਂ ਨੂੰ ਨਮਸਕਾਰ ਕੀਤੀ ਹੈ, ਸ੍ਰੀ ਸਾਹਿਬ ਦੀ ਸਹਾਇਤਾ ਲਈ ਹੈ, ਪੰਥ ਕੀ ਜੀਤ ਦੁਹਰਾਈ ਹੈ, ਖਾਲਸੇ ਦੇ ਬੋਲ ਬਾਲੇ ਮੰਗੇ ਹਨ, ਚੜ੍ਹਦੀ ਕਲਾ ਵਿੱਚ ਵਿਚਰਨ ਦਾ ਪ੍ਰਣ ਲਿਆ ਹੈ । 'ਵਾਹਿਗੁਰੂ ਜੀ ਕੀ ਫਤਹ' ਤੋਂ ਆਰੰਭ ਕਰ ਕੇ 'ਵਾਹਿਗੁਰੂ ਜੀ ਕੀ ਫਤਹ' ਤੇ ਇਸ ਨੂੰ ਸਮਾਪਤ ਕੀਤਾ ਹੈ । ਇਹ ਨੁਸਰਤ ਬੇਦਰੰਗ ਦਾ ਐਲਾਨ ਹੈ । ਇਸ ਦਾ ਅੱਖਰ ਅੱਖਰ ਖ਼ਾਲਸਾ ਜੀ ਦੇ ਪਵਿੱਤਰ ਲਹੂ ਨਾਲ ਲਿਖਿਆ ਗਿਆ । ਸੰਸਾਰ ਦੀ ਕੋਈ ਅਰਦਾਸ ਏਡੇ ਜੱਫਰ ਜਾਲ ਕੇ ਨਹੀਂ ਕੀਤੀ ਗਈ । ਕਿਸੇ ਹੋਰ ਅਰਦਾਸ ਪਿਛੇ ਸੂਰਮਗਤੀ ਦਾ ਏਡਾ ਜਲਾਲ ਨਹੀਂ । ਸਿਖ ਅਰਦਾਸ ਵਿੱਚ ਖ਼ਾਲਸੇ ਦੇ ਸਦਾ ਆਸ਼ਾਵਾਦੀ ਹੋਣ ਦਾ ਐਲਾਨ ਹੈ; ਜਿੱਤ ਦਾ ਵਿਸ਼ਵਾਸ ਪ੍ਰਤੱਖ ਹੈ-ਆਪਣੀ ਨਹੀਂ, ਪੰਥ ਦੀ, ਵਾਹਿਗੁਰੂ ਜੀ ਦੀ । ਇਸੇ ਲਈ ਇਸ ਵਿੱਚ ਧਰਮ ਦਾ ਜੈਕਾਰ ਹੈ, ਬਿਰਦ ਦੀ ਪੈਜ ਹੈ ।

ਸਿਖ ਅਰਦਾਸ, ਸਿੱਖਾਂ ਦਾ ਪ੍ਰਣ ਪੱਤ੍ਰ ਵੀ ਹੈ । ਇਸ ਵਿੱਚ ਮਨੁੱਖ ਮਾਤ੍ਰ ਦੀ ਸਾਂਝੀਵਾਲਤਾ ਤੇ ਉਸ ਦੇ ਭਲੇ ਦਾ ਪ੍ਰਣ ਹੈ । ਖ਼ਾਲਸਾ ਜੀ ਦੀ ਉਚੇਚੀ ਸਾਂਝ ਦਾ ਪ੍ਰਣ ਹੈ । ਗੁਰਧਾਮਾਂ ਦੀ ਪਵਿੱਤਰਤਾ ਤੇ ਪਹਿਰਾ ਦੇਣ

ਦਾ ਪ੍ਰਣ ਹੈ; ਧਾਰਮਕ ਸੰਸਥਾਵਾਂ ਦੀ ਸਦੀਵਕਾਲ ਅਟੱਲਤਾ ਦਾ ਪ੍ਰਣ ਹੈ; ਦੁਖੀ-ਦੀਨਾਂ ਦੀ ਰੱਖਿਆ ਦਾ ਪ੍ਰਣ ਹੈ; ਅਣਖ ਲਈ ਜਾਨਾਂ ਵਾਰਨ ਦਾ ਪ੍ਰਣ ਹੈ; ਸਿਰੜ ਤੇ ਪਕਿਆਂ ਰਹਿਣ ਦਾ ਪ੍ਰਣ ਹੈ । ਇਹ ਤਿਆਰ ਬਰ ਤਿਆਰ ਰਹਿਣ ਦਾ ਐਲਾਨਨਾਮਾ ਵੀ ਹੈ । ਰਹਿਤ ਦੀ ਪ੍ਰਪੱਕਤਾ ਦੀ ਯਾਚਨਾ ਇਸ ਵਿੱਚ ਹੈ । ਸੂਰਮਗਤੀ ਦੀ ਸੋਭਾ ਇਸ ਵਿੱਚ ਹੈ । ਸਿਦਕ ਦੀ ਵੰਗਾਰ ਇਸ ਵਿੱਚ ਹੈ । ਸੰਕਟ-ਨਿਵਿਰਤੀ ਦੀ ਥਾਂ, ਇਸ ਵਿੱਚ ਸੰਕਟ-ਸਹਿਨ-ਸ਼ੀਲਤਾ ਦੀ ਯਾਚਨਾ ਹੈ ।

ਪ੍ਰਣ-ਪੱਤ੍ਰ ਹੋਣ ਦੇ ਨਾਲ ਨਾਲ ਅਰਦਾਸ ਸਾਡਾ ਪ੍ਰਾਰਥਨਾ ਪੱਤ੍ਰ ਵੀ ਹੈ-ਲੀਤੇ ਹੋਏ ਪ੍ਰਣ ਤੇ ਕੀਤੇ ਹੋਏ ਸੰਕਲਪ ਦੀ ਪੂਰਤੀ ਲਈ । ਸਰਬੱਤ ਖਾਲਸਾ ਜੀ ਨਾਲ ਇੱਕ-ਸੁਰ ਹੋ ਕੇ ਪੰਥ ਕੀ ਜੀਤ, ਤੇ ਬਿਰਦ ਕੀ ਪੈਜ ਦੀ ਬੇਨਤੀ ਹੈ । ਜਿਥੇ ਜਿਥੇ ਵੀ ਖਾਲਸਾ ਜੀ ਸਾਹਿਬ ਹਨ ਉਹਨਾਂ ਲਈ ਰਛਿਆ ਰਿਆਇਤ ਲਈ ਜੋਦੜੀ ਹੈ । ਸਭ ਲਈ ਸਿੱਖੀ ਮੰਗੀ ਹੈ, ਸਿਦਕ ਤੇ ਭਰੋਸਾ ਮੰਗਿਆ ਹੈ, ਵਿਸਾਹ ਤੇ ਉਮਾਹ ਮੰਗਿਆ ਹੈ, ਗੁਰਮੁਖ ਦੇ ਮੇਲ, ਸਾਧ ਕੇ ਸੰਗ, ਨਾਮ ਕੇ ਰੰਗ, ਭਜਨ ਕੇ ਪ੍ਰਤਾਪ ਲਈ ਬੇਨਤੀ ਹੈ । ਆਪਣੇ ਲਈ 'ਮਨ ਨੀਵਾਂ ਤੇ ਮਤ ਉਚੀ ਮੰਗੀ ਹੈ' ਤੇ ਇਸ ਮਤ ਨੂੰ ਵਾਹਿਗੁਰੂ ਜੀ ਦੀ ਸਪੁਰਦਗੀ ਵਿੱਚ ਦੇ ਕੇ ਵਾਹਿਗੁਰੂ ਜੀ ਦੀ ਨਿਗਾਹਬਾਨੀ ਮੰਗੀ ਹੈ । ਕੌਮੀ ਪਰੰਪਰਾ ਦੀ ਦੀ ਸਦੀਵਕਾਲਤਾ ਤੇ ਕੌਮੀ ਅਦਾਰਿਆਂ ਦੀ ਅਟੱਲਤਾ ਮੰਗੀ ਹੈ । ਆਪਣੇ ਕੌਮੀ ਕੇਂਦਰ ਸ੍ਰੀ ਅੰਮ੍ਰਿਤਸਰ ਜੀ ਨਾਲ ਜੁੜਨ ਹਿਤ ਉਥੋਂ ਦੇ ਦਰਸ਼ਨ ਇਸ਼ਨਾਨ ਮੰਗੇ ਹਨ । ਅਤੇ ਸਭ ਦਾਨਾਂ ਦੇ ਸ਼੍ਰੋਮਣੀ ਦਾਨ, ਨਾਮ ਦਾਨ, ਲਈ ਯਾਚਨਾ ਕੀਤੀ ਹੈ ।

ਅਰਦਾਸ ਵਿੱਚ ਨਾਮ ਸਿਮਰਨ ਲਈ ਕੇਵਲ ਬੇਨਤੀ ਹੀ ਨਹੀਂ, ਇਹ ਸਿਮਰਨ ਦਾ ਮਾਧਿਅਮ ਵੀ ਹੈ । ਬਾਰ ਬਾਰ "ਵਾਹਿਗੁਰੂ" ਬੁਲਵਾ ਕੇ ਸਾਡੀ ਅਰਦਾਸ ਸਾਨੂੰ ਸਿਮਰਨ ਦੀ ਸਾਧਨਾ ਵਿੱਚ ਜੋੜਦੀ ਹੈ । 'ਵਾਹਿਗੁਰੂ ! ਵਾਹਿਗੁਰੂ !!!' ਚਿਤ ਆਵਣ ਦੀ ਜੋਦੜੀ ਨਾਲ ਸਿਮਰਨ ਵਿੱਚ ਲਗਾ ਕੇ ਸਿਮਰਨ ਮੰਗਣ ਦਾ ਵਲ ਸਿਖਾਲਦੀ ਹੈ । ਆਦਿ ਅੰਤ 'ਵਾਹਿਗੁਰੂ ਜੀ ਕੀ ਫਤਹ' ਅਖਵਾ ਕੇ, ਸਿਮਰਨ ਦੇ ਲਕਸ਼ ਨਾਲ ਜੋੜ ਕੇ ਜੇਤੂ ਭਾਵਨਾ ਪ੍ਰਾਪਤ ਕਰਨ ਦਾ ਚੱਜ ਦਸਦੀ ਹੈ ।

ਇਉਂ ਪ੍ਰਤੀਤ ਹੋਂਦਾ ਹੈ ਕਿ ਸਾਡੀ ਅਰਦਾਸ ਸਮੇਂ ਤੇ ਸਥਾਨ ਦੋਹਾਂ ਉਤੇ ਪਸਰਦੀ ਤੇ ਛਾ ਜਾਂਦੀ ਹੈ । ਸਮੁੱਚੇ ਕੌਮੀ ਇਤਿਹਾਸ ਥਾਣੀਂ ਲੰਘ ਕੇ ਇਹ ਸਮੇਂ ਨੂੰ ਸਮੇਟਦੀ ਹੈ । 'ਜਹਾਂ ਜਹਾਂ ਖ਼ਾਲਸਾ ਜੀ ਸਾਹਿਬ' ਵਾਲੀ ਦ੍ਰਿਸ਼ਟੀ ਨਾਲ ਸਾਰੇ ਸੰਸਾਰ ਨੂੰ ਆਪਣੇ ਪਰਾਂ ਹੇਠ ਲੈ ਆਉਂਦੀ ਹੈ । ਇਹ ਨਾ ਕਿਸੇ ਇਕ ਸਮੇਂ, ਨਾ ਕਿਸੇ ਇਕ ਸਥਾਨ ਤੇ ਨਾ ਕਿਸੇ ਇੱਕ ਵਿਅਕਤੀ ਦੀ ਅਰਦਾਸ ਹੈ । 'ਸਰਬੱਤ ਕਾ ਭਲਾ' ਯਾਚਣ ਵਾਲੀ ਇਹ ਰਚਨਾ ਸਰਬ ਕਾਲ ਸਮੁੱਚੀ ਮਨੁੱਖ ਜਾਤੀ ਦੀ ਅਰਦਾਸ ਬਣ ਨਿਬੜਦੀ ਹੈ । ਓੜਕ, ਇਹ ਅਰਦਾਸ, ਸਾਰੀ ਮਨੁੱਖਤਾ ਦੀ ਭਲਾਈ ਦਾ ਜੈਗਾਨ ਹੈ ।

... ... ... ...

ਸਾਹਿਤਕ ਮਹੱਤਾ ਵੀ ਅਰਦਾਸ ਦੀ ਬੜੀ ਹੈ । ਕਈ ਵਿਚਾਰਵਾਨ ਇਸ ਨੂੰ ਗੁਰੂ ਪੰਥ ਦੀ ਬਾਣੀ ਮੰਨਦੇ ਹਨ । ਇਸ ਦੀ ਪਹਿਲੀ ਪੌੜੀ 'ਪ੍ਰਥਮ ਭਗਉਤੀ ਸਿਮਰ ਕੈ' ਤੋਂ ਲੈ ਕੇ 'ਸਭ ਥਾਈਂ ਹੋਇ ਸਹਾਇ' ਤਕ ਤਾਂ ਹੈ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ । ਬਾਕੀ ਦੀ ਰਚਨਾ ਨੂੰ ਵੀ ਪੰਥ ਵਿਚ ਬਾਣੀ ਵਰਗਾ ਸਤਿਕਾਰ ਤੇ ਦਰਜਾ ਪ੍ਰਾਪਤ ਹੈ । ਸਿਖਾਂ ਦੀ ਕੋਈ ਵੀ ਜੀਵਨ-ਸੰਸਕਾਰ ਤੇ ਕੋਈ ਵੀ ਧਰਮ-ਸਮਾਗਮ ਇਸ ਤੋਂ ਬਿਨਾ ਮੁਕੰਮਲ ਨਹੀਂ ਹੋ ਸਕਦਾ ਹੈ ।

ਬਾਣੀ ਬਹੁਤ ਕਰ ਕਾਵਿ-ਰਚਨਾ ਹੈ; ਅਰਦਾਸ ਕਾਵਿ ਮਈ ਵਾਰਤਕ ਹੈ । ਪਰ ਇਹ ਬੜੀ ਸਮਰੱਥਾ ਵਾਲੀ ਵਾਰਤਕ ਹੈ । ਇਹ ਕਹਿਣਾ ਕੋਈ ਅਤਿਕਥਨੀ ਨਹੀਂ ਕਿ 'ਵਾਰਤਕ ਦਾ ਇਤਨਾ ਜ਼ੋਰਦਾਰ ਟੁਕੜਾ ਸਾਰੇ ਸੰਸਾਰ ਸਾਹਿੱਤ ਵਿੱਚ ਨਹੀਂ ਮਿਲਦਾ ।

ਸੰਖੇਪਤਾ, ਤੇ ਸ਼ਬਦ-ਜੁਗਤ ਇਸ ਦੇ ਉਘੇ ਗੁਣ ਹਨ । ਸ਼ਾਇਦ ਹੀ ਕਿਸੇ ਇਤਿਹਾਸਕਾਰ ਨੇ ਆਪਣੀ ਕੌਮ ਦਾ ਇਤਿਹਾਸ ਇਤਨੇ ਥੋੜੇ ਸ਼ਬਦਾਂ ਵਿਚ ਇਤਨੀ ਪ੍ਰਬੀਨਤਾ ਨਾਲ ਚਿਤ੍ਰਿਆ ਹੋਵੇ ।

ਇਸ ਦਾ ਮੁਹਾਂਦਰਾ ਲੋਕ-ਸਾਹਿੱਤ ਵਰਗਾ ਹੈ । ਲੋਕ-ਚਰਿਤ੍ਰਾਂ ਨਾਲ ਲਬਰੇਜ਼, ਲੋਕ-ਸ਼ੈਲੀ ਦੀ ਧਾਰਨੀ, ਇਹ ਸੱਚ ਮੁੱਚ ਲੋਕ-ਰਚਨਾ ਹੈ । ਐਸੀ ਅਧਿਆਤਮਕ ਲੋਕ-ਰਚਨਾ ਸ਼ਾਇਦ ਹੀ ਹੋਰ ਕਿਸੇ ਕੌਮ ਨੇ ਪੈਦਾ ਕੀਤੀ ਹੋਵੇ । ਇੱਕੋ ਵੇਲੇ ਇਹ ਅਲੌਕਿਕ, ਨਿਰੰਜਨ ਸੱਚ ਨੂੰ ਸੰਬੋਧਿਤ ਵੀ ਹੈ ਤੇ ਲੌਕਿਕ, ਮਾਇਆਵੀ ਸੱਚ ਨੂੰ ਬੋਲ ਵੀ ਦੇਂਦੀ ਹੈ । ਫਤਹ ਦੇ ਡੰਕੇ ਵੀ ਵਜਾਉਂਦੀ ਹੈ, ਤੇ ਮਨ ਨੀਵੇਂ ਦੀ ਯਾਚਨਾ ਵੀ ਕਰਦੀ ਹੈ । ਨਿਰੋਲ ਨਿੱਜੀ ਹਿਤਾਂ ਲਈ ਜੋਦੜੀ ਵੀ ਕਰਦੀ ਹੈ, ਸਰਬੱਤ ਕਾ ਭਲਾ ਵੀ ਮੰਗਦੀ ਹੈ । ਇਹ ਸਾਰੇ ਵਿਰੋਧਾਭਾਸ ਅਨੁਭਵ ਦੇ ਮੁਕਾਮ ਤੇ ਇਕ ਦੂਜੇ ਵਿੱਚ ਰਲਗੱਡ ਹੋਏ ਭਾਸਦੇ ਹਨ । ਇਉਂ ਲਗਦਾ ਹੈ, ਅਰਦਾਸ ਮਾਇਆਵੀ ਧਿਰ ਨੂੰ ਨਿਰੰਜਨ ਤਕ ਲਿਜਾਣ ਦਾ ਰਾਹ ਦਿਖਾਲਦੀ ਹੈ ।

ਖ਼ਾਲਸਾ ਜੀ ਦੀ ਅਰਦਾਸ ਸਦਾ ਵਿਗਸਦਾ ਸਾਹਿੱਤ ਹੈ । ਇਸ ਨੂੰ ਸੰਪੂਰਨ ਹੋ ਗਿਆ ਕਦੇ ਨਹੀਂ ਕਿਹਾ ਜਾ ਸਕਦਾ । ਜਿੰਨਾ ਚਿਰ ਕੌਮ ਦਾ ਜੀਵ ਤੁਰਿਆ ਰਹੇਗਾ, ਅਰਦਾਸ ਦਾ ਵਿਗਾਸ ਹੁੰਦਾ ਰਹੇਗਾ, ਕਿਉਂਕਿ ਇਹ ਕੌਮ ਤੇ ਤੁਰਦੇ ਜੀਵਨ ਦੀ ਹੀ ਨਿਰਮਲ ਆਰਸੀ ਹੈ ।

(ਸਿੰਘ ਬ੍ਰਦਰਜ਼ 'ਅੰਮ੍ਰਿਤਸਰ' ਵਲੋਂ ਪ੍ਰਕਾਸ਼ਿਤ ਪੁਸਤਕ ਅਰਦਾਸ : ਦਰਸ਼ਨ ਰੂਪ, ਅਭਿਆਸ ਵਿੱਚੋਂ ਧੰਨਵਾਦ ਸਹਿਤ)

# Failure of the Twentieth Century Ideology

**Dr.(Bhai) Harbans Lal**[1]

It is unrealistic to imagine that the vision of the *sarbat ka bhalla* can be formulated without a searching re-examination of the attitudes and assumptions that currently underline our approaches to life and its function. Obviously the current approaches have failed to perform. They are not just limited to religious beliefs, but they also permeate to cultural fixations, social behaviors and economic practices. We must succeed in drawing attention to lessons that can be learnt from our failures of present ideologies. Further we must explore ideas presented by spiritually evolved leaders.

To date it is the materialistic conception of life that has been our dominant ideology. The materialistic concept are so much the part of our lives that it is not an exaggeration to believe that we were born with them. The Guru draws out attention to our materialistic behavior by a description as belo

ਚਾਰਿ ਪਦਾਰਥ ਲੈ ਜਗਿ ਆਇਓ
ਸਿਵ ਸਕਤੀ ਘਰਿ ਵਾਸਾ ਪਾਇਓ[2]

*The humans are born with an inborn drive to secure four life objectives (dharam, arth, kaam, mokh); and they begin to inhabit within the walls of Maya (illusion). And as are blinded by the darkness of Maya, they forget about NAAM and lose conduct with the Creative Self leading to a defeat in the purpose of this life.*

We value four goals above all else, and devote almost all of our energies to reach them. The first one is *dharam* meaning a system essentially to formulate and to follow a life discipline in order to ensure stability much required to achieve the life goals. Second, *arth* ,is to own as many material possessions as possible, because much admired wealth is reckoned in terms of the size of one's possessions. Third, *kaam*, is to insure power of those desires and behaviors that maintain keen interst in the opposite sex so that one can have as many children and grandchildren

[1] Professor and Chairman, Department of Pharmacology, University of North Texas Health Science Center, Fort Worth Texas and Trustee, Academy of Guru Granth Studies, Arlington, Texas, USA 76016

[2] Dev, Guru Nanak: In Sri Guru Granth Sahib (1604), reprinted by Shiromani Gurdwara Parbandhak Committee at Gurdwara Printing Press at Amritsar, p.1027 1.1.

as possible. This is because social position depends on the size of one's network of relatives and genetic script promotes preservation of the race. The fourth goal, *mokh* is to gain some pseudo-spiritual power, desire for which to a certain extent follows from one's peers. Wealth, esteem, and the ability to instill fear are all forms of power that a person strives for under the slavery of ego and Maya.

The present approaches to social and economic development were out of this ideology. The same ideology corrupted also our religious practices which began to serve the material considerations. After working under the influence of these ideology we have reach to end. It is now realized that the contemporary approaches were corrupt and completely failed to meet human needs. There have been optimistic forecasts for many years about the healthy changes the present system would generate. They have all vanished into the ever-widening abyss. Rather, it has caused crises of mental illness, frustration and dsisgust among masses, for examples, in America, the dream of prosperity achieved through capitalistic initiatives now seems like a nightmare, for never has a century known such abundance along with such massive genocide and environmental devastation. When a culture experienced most physical comfort and economic opportunity, it resulted into widespread mental depression. Never before has a technology given us so many conveniences, but we used it to produce terrible instruments of degradation and destruction. Never before have we been so self-reliant, and at the same time felt so lonely. Never before have we seemed so free, but our prisons so overstuffed. Never before have we had so much education, but also such a high rate of fraud, teen delinquency, despair, and suicide. Never before have we been so sophisticated about pleasure and at the same time suffer so frequent broken or miserable relationships with others who should have been the sources of our pleasure in life.

Thus, the present system resulted into the fatal neglect of our life objective and our path to achieving heaven on earth. This unprecedented moral and emotional crisis, together with the social and mental breakdowns, must help us to realize our profound error of conception about human nature itself. Saint Kabir[3] described this situation as,

ਕਹਾ ਨਰ ਗਰਬਸਿ ਥੋਰੀ ਬਾਤ ॥ ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਢੌ ਜਾਤੁ ॥੧॥ ਰਹਾਉ ॥ ਬਹੁਤ ਪ੍ਰਤਾਪ ਗਾਂਉ ਸਉ ਪਾਏ ਦੁਇ ਲਖ ਟਕਾ ਬਰਾਤ ॥ ਦਿਵਸ ਚਾਰਿ ਕੀ ਕਰਹੁ ਸਾਹਿਬੀ ਜੈਸੇ ਬਨ ਹਰ ਪਾਤ

---

[3] Kabir, Saint, in Sri Guru Granth Sahib (1604), reprinted by Shiromani Gurdwara Parbandhak Committee at Gurdwara Printing Press at Amritsar, p. 1251, 1.7.

*What are those little material possessions that constitute your entire pride ? You acquire a few hoards of grain (equity in agricultural products), a few dollars in the bank, and they make you puffed up. You have gathered honors and recognitions. You have accumulated hundreds of townships in real estate and collected revenues in hundreds and thousands. Believe me, your overlordship will last but for a few days like the fall foliage before the onset of season.*

The end of the 20th century is considered the best of time materially, but not for the human spirit. Facing an early death from brain cancer, President Bush's 1988 campaign manager, Lee Atwater, found his perspective changed when he said:

*The '80s were about acquiring wealth, power, prestige. I know. I acquired more wealth, power and prestige than most. But you can acquire all you want and still feel empty. What power wouldn't I trade for a little more time with my family ? What price wouldn't I pay for an evening with friends ? It took a deadly illness to put me eye to eye with that truth, but it is a truth that the country, caught up in its ruthless ambitions and moral decay, can learn on my dime. I don't know who will lead us through the '90s, but they must be made to speak to this spiritual vacuum at the heart of American society, this* tumor *of the soul.*

He was echoing what Guru said several centuries ago.

ਦੁਖੁ ਦਾਰੂ ਸੁਖੁ ਰੋਗੁ ਭਇਆ [4] ॥

*Sorrows are inflicted as a treatment when physical comforts become an ailment.*

When civilization reaches the point where a majority of people in even the most technologically advanced cultures find it strange to imagine any other goal worth living for except making money and that their respect or self-respect rested solely on social comparison based on material achievements, then the world would become very limiting. But this is exactly what is happening and we find ourselves wasting ourselves in pursuit of happiness in a mirage according to the current systems.

Not surprisingly, therefore, there is increasing recognition that the world is in urgent need of a new order, the order based upon new values inculcated through scientific and

---

[4] Dev, Guru Nanak: In Sri Guru Granth Sahib (1604), reprinted by Shiromani Gurdwara Parbandhak Committee at Gurdwara Printing Press at Amritsar, p. 469, 1.9.

divine resources. Sikhs commit themselves continuously to these missions as a part of their daily prayer and their commitment begins with the following declaration.

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ

*May the Religion of the Name, preached by Nanak, increase and prevail in the world and may in the will of God there be good fortune of all humankind.*

The sacred prayer of seeking well of humankind, equality and salvation for all the peoples, response to this prayer must take the form of countless movements and organizations of social change at local, regional, and international levels. Human rights, the advance of women and poor, the social requirements of sustainable economic development, the overcoming of prejudices, the moral education of children, literacy, primary health care, and a host of other vital concerns each will command the urgent advocacy supported by growing numbers of people in every part of the globe. To accomplish that there can be identified several specific areas of distinct changes.

# ਸੰਗੀਤ ਵਿੱਚ ਸੁਹਜ ਦੇ ਮੂਲ ਨਿਯਮ

**ਹਰਿੰਦਰਪਾਲ ਸਿੰਘ ਐਮ.ਏ.ਬੀ.ਐਡ.**

ਲਲਿਤ ਕਲਾਵਾਂ ਦਾ ਸੁੰਦਰਤਾ ਨਾਲ ਗਹਿਰਾ ਸੰਬੰਧ ਹੈ । ਕਿਸੇ ਵੀ ਕਲਾਕਾਰ ਦੀ ਮਾਨਸਿਕ ਸੁੰਦਰਤਾ ਦਾ ਅੰਦਾਜਾ ਉਸਦੀ ਕਲਾਕ੍ਰਿਤੀ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ । ਕੋਈ ਵੀ ਕਲਾ ਹੋਵੇ ਕਲਾਕਾਰ ਦੇ ਦੇ ਅੰਤਰੀਵ ਭਾਵਾਂ ਦੀ ਪ੍ਰਤੀਕ ਹੁੰਦੀ ਹੈ ਭਾਵ ਹਮੇਸ਼ਾਂ ਸੁੰਦਰਤਾ, ਸਹਿਜਤਾ ਤੇ ਕਲਾਤਮਕ ਭਾਵਨਾਵਾਂ ਨਾਲ ਉਤਪੋਤ ਹੁੰਦੇ ਹਨ । ਪੱਛਮੀ ਤੇ ਭਾਰਤੀ ਦਰਸ਼ਨਿਕਾਂ ਦੇ ਮਤ ਅਨੁਸਾਰ ਸੁੰਦਰਤਾ ਦੇ ਕਈ ਉਪਕਰਣ ਹੁੰਦੇ ਹਨ ਜਿਹਨਾਂ ਵਿੱਚ ਸੁਮੇਲਤਾ ਸਮਾਨਤਾ, ਵਿਵਿਧਤਾ, ਚਮਤਕਾਰਿਤਾ, ਅਨੇਕਤਾ ਚ ਏਕਤਾ, ਸੰਗਤ, ਸੰਜਮ, ਵਿਅੰਜਨਾਂ ਆਦਿ ਦਾ ਵਿਸ਼ੇਸ਼ ਵਰਣਨ ਹੈ । ਜਿੰਨੀਆਂ ਵੀ ਲਲਿਤ ਕਲਾਵਾਂ ਹਨ ਉਹਨਾਂ ਵਿੱਚ ਮੁੱਖ ਉਪਰਕਣਾ ਨਾਲ ਸੁੰਦਰਤਾ ਦੀ ਉਤਪਤੀ ਹੁੰਦੀ ਹੈ ।

ਵਸਤੂ ਕਲਾ ਭਵਨ ਨਿਰਮਾਣ ਦੇ ਅੰਤਰਗਤ ਆਉਂਦੀ ਜਿਸ ਵਿੱਚ ਸਮਾਨਤਾ ਨਾਲ ਸੁੰਦਰਤਾ ਦੀ ਪ੍ਰਤੀਤ ਹੁੰਦੀ ਹੈ । ਜੇਕਰ ਭਵਨ ਨਿਰਮਾਣ ਦੀਆਂ ਦੀਵਾਰਾਂ ਟੇਢੀਆਂ ਮੇਢੀਆਂ ਹੋਣਗੀਆਂ ਤਾਂ ਉਹ ਭਵਨ ਨਿਰਮਾਣ ਸੁੰਦਰ ਨਹੀਂ ਲਗਦਾ । ਚਿੱਤਰਕਲਾ ਵਿੱਚ ਕਿਸੇ ਇਸਤਰੀ ਜਾਂ ਪੁਰਸ਼ ਦੇ ਚਿੱਤਰਾਂ ਵਿੱਚ ਅੰਗਾਂ ਦੀ ਸਮਾਨਤਾ ਨਾਲ ਹੀ ਸੁੰਦਰਤਾ ਉਤਪੰਨ ਹੁੰਦੀ ਹੈ । ਉਚਿੱਤਤਾ ਵੀ ਸੁੰਦਰਤਾ ਉਤਪੰਨ ਕਰਨ ਵਿੱਚ ਬੜੀ ਸਹਾਈ ਹੁੰਦੀ ਹੈ । ਅਰਥ ਹੈ ਕਿਸ ਵਸਤੂ ਦਾ ਉਚਿਤ ਪ੍ਰਯੋਗ ਕਰਨਾ ਜੇਕਰ ਕੁੰਡਲ ਨੂੰ ਹੱਥ ਚ, ਕੰਗਣ ਨੂੰ ਕੰਨ ਚ ਤੇ ਪਾਇਲ ਨੂੰ ਹੱਥਾਂ ਵਿੱਚ ਪਹਿਨ ਲਿਆ ਜਾਵੇ ਤਾਂ ਇਹਨਾਂ ਗਹਿਣਿਆਂ ਦਾ ਉਚਿੱਤ ਪ੍ਰਯੋਗ ਨਹੀਂ ਮੰਨਿਆ ਜਾਏਗਾ ਤੇ ਅਣਉਚਿਤ ਪ੍ਰਯੋਗ ਨਾਲ ਸੁੰਦਰਤਾ ਨਸ਼ਟ ਹੋ ਜਾਏਗੀ । ਉਚਿੱਤ ਪ੍ਰਯੋਗ ਨਾਲ ਸੁੰਦਰਤਾ ਉਤਪੰਨ ਹੁੰਦੀ ਹੈ ।

ਭਾਰਤੀ ਸੰਗੀਤ ਵਿੱਚ ਸੁੰਦਰਤਾ ਦੇ ਉਪਕਰਣ ਦੇ ਦੋ ਰੂਪ ਹੁੰਦੇ ਹਨ ਪਹਿਲਾ ਹੈ ਸਮਾਨ ਉਪਕਰਣ ਜਿਹਨਾਂ ਦਾ ਵਿਵਰਣ ਉਪਰ ਦੇ ਚੁੱਕੇ ਹਾਂ ਦੂਸਰਾ ਹੈ ਵਿਸ਼ੇਸ਼ ਉਪਕਰਣ ਜਿਸ ਵਿੱਚ ਆਕਰਸ਼ਕ ਬੰਦਿਸ਼, ਆਲਾਪ, ਤਾਨ, ਅਲੰਕਾਰ, ਬੋਲਤਾਨ, ਲੈਅਕਾਰੀ, ਮੀਂਡ, ਕਣ, ਖਟਕਾ, ਮੁਰਕੀ, ਗਮਕ, ਝਾਲਾ, ਜਮਜਮਾ, ਅਵਿਰ ਭਾਵ, ਤਿਰੋਭਾਵ, ਕਾਕੂ ਆਦਿ ਆਉਂਦੇ ਹਨ । ਭਾਰਤੀ ਸੰਗੀਤ ਵਿੱਚ ਸੁੰਦਰਤਾ ਦੇ ਸਾਮਾਨ ਉਪਕਰਣਾਂ ਦੀ ਬਹੁਤ ਵੱਡੀ ਉਪਯੋਗਿਤਾ ਹੈ । ਗਾਇਨ ਵਾਦਨ ਨ੍ਰਿਤ ਦਾ ਪ੍ਰਦਰਸ਼ਨ ਕਰਦੇ ਸਮੇਂ ਸਵਰ ਲੈਅ ਤਾਲ ਦੀ ਸਮਾਨਤਾ ਨਾਲ ਸੁੰਦਰਤਾ ਉਤਪੰਨ ਹੁੰਦੀ ਹੈ । ਕਠਿਨ ਲੈਅ ਕਾਰੀ ਦੇ ਚਮਤਕਾਰੀ ਪ੍ਰਯੋਗ ਨਾਲ, ਅਵਿਰ ਭਾਵ, ਤਿਰੋ ਭਾਵ, ਅੱਲਪਤਵ, ਬਹੁੱਤਵ, ਦੇ ਪ੍ਰਯੋਗ ਨਾਲ ਸੁੰਦਰਤਾ ਉਤਪੰਨ ਹੁੰਦੀ ਹੈ । ਅਨੇਕ ਲੈਅਕਾਰੀ ਕਰਦੇ ਹੋਏ ਸਮ ਤੇ ਆਉਣਾ, ਉਚਿੱਤ ਸਮੇਂ ਰਾਗ-ਗਾਇਨ, ਉਚਿੱਤ ਸਵਰ ਲਗਾਵ ਨਾਲ, ਮਨੋਗਤ ਭਾਵਾਂ ਦੀ ਵਿਵਸਥਾ ਹੁੰਦੀ ਹੈ ਜਿਸ ਨਾਲ ਸੰਗੀਤ ਵਿੱਚ ਸੁੰਦਰਤਾ ਦੀ ਉਤਪਤੀ ਹੁੰਦੀ ਹੈ । ਇਸ ਤਰ੍ਹਾਂ ਉਪਰੋਕਤ ਉਪਕਰਣ ਸੰਗੀਤ ਵਿੱਚ ਕਿਸੀ ਨਾ ਕਿਸੀ ਰੂਪ ਚ ਸੁੰਦਰਤਾ ਦਾ ਪ੍ਰਤੀਪਾਦਨ ਕਰਦੇ ਹਨ ।

ਭਾਰਤੀ ਸੰਗੀਤ ਵਿੱਚ ਸੁੰਦਰਤਾ ਪ੍ਰਾਪਤੀ ਲਈ ਨਿਮਨ ਲਿਖਤ ਵਿਸ਼ੇਸ਼ ਉਪਕਰਣਾਂ ਦੀ ਆਵਸ਼ੱਕਤਾ ਹੈ ।

1. ਬੰਦਿਸ਼ :- ਅੱਛੀ ਬੰਦਿਸ਼ ਲਈ ਵਾਦੀ-ਸੰਵਾਦੀ, ਸਵਰ ਲਗਾਵ, ਨਿਆਸ ਤੇ ਵਿਸ਼ੇਸ਼ ਜੋਰ ਦਿੱਤਾ ਜਾਂਦਾ ਤੇ ਬੰਦਿਸ਼ ਆਕਰਸ਼ਕ ਹੋ ਜਾਂਦੀ ਹੈ ਗੀਤ ਜਾਂ ਗਤ ਨੂੰ ਰੌਚਕ ਬਣਾ ਦਿੰਦੀ ਹੈ ।

ਆਲਾਪ :- ਰਾਗ ਗਾਇਨ ਵਿੱਚ ਅਲਾਪ ਦਾ ਪ੍ਰਯੋਗ ਦੋ ਤਰ੍ਹਾਂ ਕੀਤਾ ਜਾਂਦਾ ਹੈ ਇੱਕ ਤਾਂ ਰਾਗ ਦਾ ਵਾਤਾਵਰਣ ਉਤਪੰਨ ਕਰਨ ਲਈ ਤਾਨ ਰਹਿਤ ਅਲਾਪ ਕੀਤਾ ਜਾਂਦਾ ਹੈ । ਦੂਸਰਾ ਗੀਤ ਜਾਂ ਗਤ ਦੇ ਦਰਮਿਆਨ ਤਾਲਬੱਧ ਅਲਾਪ ਦਾ ਪ੍ਰਯੋਗ ਕੀਤਾ ਜਾਂਦਾ ਹੈ । ਕੁਸ਼ਲ ਗਾਇਕ ਰਾਗ ਦੇ ਛੋਟੇ ਛੋਟੇ ਸਵਰ ਸਮੂਹ ਲੈ ਕੇ ਆਲਾਪ ਦਾ ਤਾਲਬੱਧ ਪ੍ਰਦਰਸ਼ਨ ਕਰਦੇ ਹੋਏ ਸਮ ਤੇ ਆਉਂਦੇ ਹਨ ਤਾਂ ਸੰਗੀਤ ਦੀ ਸੁੰਦਰਤਾ ਬਹੁਤ ਵੱਧ ਜਾਂਦੀ ਹੈ ।

ਤਾਨ :- ਗਾਇਨ ਵਿੱਚ ਤਾਨ, ਵਾਦਨ ਵਿੱਚ ਤੋੜੇ ਨਾਲ ਸਵਰ ਵਚਿੱਤਰਤਾ ਅਤੇ ਚਮਤਕਾਰ ਪੈਦਾ ਹੁੰਦਾ ਹੈ ਜੋ ਕਿ ਸ਼ਾਸ਼ਤਰੀ ਸੰਗੀਤ ਵਿੱਚ ਬਹੁਤ ਮਹੱਤਵਪੂਰਨ ਹੈ । ਗਾਇਕ ਜਿਤਨੀ ਤਿਆਰੀ ਨਾਲ ਤਾਨਾਂ ਦਾ ਪ੍ਰਯੋਗ ਕਰਦਾ ਹੈ ਸੰਗੀਤ ਉਤਨੀ ਹੀ ਰੰਜਕਤਾ ਪ੍ਰਦਾਨ ਕਰਦਾ ਹੈ । ਤਾਨਾਂ ਦੇ ਕਈ ਪ੍ਰਕਾਰ ਹਨ : ਸਪਾਟ, ਕੂਟ, ਮਿਸ਼ਰ ਤੇ ਅਲੰਕਾਰਿਕ ਤਾਨ ਆਦਿ ।

**ਅਲੰਕਾਰ** :- ਸਵਰਾਂ ਦੀ ਉਹ ਵਸ਼ਿਸ਼ਿਟ ਰਚਨਾ ਜਿਸ ਤੋਂ ਰਾਗ ਦਾ ਸੁੰਦਰ ਰੂਪ ਪ੍ਰਗਟ ਹੁੰਦਾ ਹੈ ਅਲੰਕਾਰ ਕਹਿਲਾਂਦਾ ਹੈ ਜਿਸਦੇ ਅਨੇਕ ਰੂਪ ਹੁੰਦੇ ਹਨ । ਸਵਰ ਸਾਧਨਾ ਚ ਅਲੰਕਾਰਾਂ ਦਾ ਬਹੁਤ ਮਹੱਤਵ ਹੈ । ਅਲੰਕਾਰ ਸੰਗੀਤ ਦੀ ਉਹ ਕੁਠਾਲੀ ਹੈ ਜਿਸ ਵਿੱਚ ਸਵਰ ਰੂਪੀ ਸੋਨੇ ਨੂੰ ਪਿਘਲਾ ਕੇ ਆਪਣੀ ਪਸੰਦ ਦਾ ਗਹਿਣਾ ਤਿਆਰ ਕੀਤਾ ਜਾ ਸਕਦਾ ਹੈ ਭਾਵ ਸਾਧਨਾ ਨਾਲ ਸੰਗੀਤ ਦਾ ਚਰਮ ਸੀਮਾ ਤਕ ਸੁਹਜ ਸੁਆਦ ਲਿਆ ਜਾ ਸਕਦਾ ਹੈ ।

**ਲੈਅਕਾਰੀ ਪ੍ਰਦਰਸ਼ਨ** :- ਕਿਸੇ ਗੀਤ ਨੂੰ ਦੁਗਣ, ਚੌਗਣ, ਆੜ, ਕੁਆੜ ਆਦਿ ਭਿੰਨ ਭਿੰਨ ਲੈ-ਕਾਰੀਆਂ ਚ ਗਾਣ ਦੀ ਕਿਰਿਆ ਨੂੰ ਲੈਅਕਾਰੀ ਪ੍ਰਦਰਸ਼ਨ ਕਹਿੰਦੇ ਹਨ । ਲੈਅਕਾਰੀ ਦਾ ਸਭ ਤੋਂ ਵੱਧ ਪ੍ਰਦਰਸ਼ਨ ਧਰੁਪਦ, ਧਮਾਰ, ਤਰਾਨਾ ਆਦਿ ਗਾਇਨ ਸ਼ੈਲੀਆਂ ਵਿੱਚ ਕੀਤਾ ਜਾਂਦਾ ਹੈ । ਤਬਲਾ ਵਾਦਨ ਵਿੱਚ ਵੀ ਵਖ ਵਖ ਲੈਅਕਾਰੀਆਂ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ ਜਿਸ ਰਾਹੀਂ ਸੰਗੀਤ ਵਿੱਚ ਵਿਲੱਖਣ ਕਿਸਮ ਦੀ ਸੁੰਦਰਤਾ ਉਤਪੰਨ ਹੁੰਦੀ ਹੈ ।

ਝਾਲਾ :- ਸਿਤਾਰ ਵਜਾਂਦੇ ਸਮੇਂ ਜਦੋਂ ਬਾਜ ਦੇ ਤਾਰ ਤੇ 'ਦਾ' ਅਤੇ ਚਿਕਾਰੀ ਉਤੇ 'ਰਾ' ਵਜਾਇਆ ਜਾਂਦਾ ਹੈ ਤਾਂ ਵਾਰ ਵਾਰ ਦਾ ਰਾ ਰਾ ਰਾ ਵਜਾਉਣ ਨੂੰ ਝਾਲਾ ਕਹਿੰਦੇ ਹਨ । ਸਿਤਾਰ ਵਜਾਂਦੇ ਸਮੇਂ ਉਪਰ ਤੋਂ ਨੀਚੇ ਸਵਰ ਤੇ ਜਾਂਦੇ ਸਮੇਂ ਖੱਬੇ ਹੱਥ ਦੀਆਂ ਉਂਗਲੀਆਂ ਨੂੰ ਝਟਕੇ ਨਾਲ ਤਾਰ ਨੂੰ ਦਬਾ ਕੇ ਤੁਰੰਤ ਛੱਡ ਦੇਣ ਤੇ ਦੋ ਯਾ ਦੋ ਤੋਂ ਜਿਆਦਾ ਸਵਰ ਵਜਾਏ ਜਾਂਦੇ ਹਨ ਇਸ ਨੂੰ ਕ੍ਰਿਤਨ ਕਹਿੰਦੇ ਹਨ । ਇਹਨਾਂ ਪ੍ਰਯੋਗਾਂ ਨਾਲ ਸਿਤਾਰ ਵਾਦਨ ਚ ਇਕ ਵਿਸ਼ੇਸ਼ ਪ੍ਰਕਾਰ ਦਾ ਚਮਤਕਾਰ ਪੈਦਾ ਹੁੰਦਾ ਹੈ ।

ਕਾਕੂ :- ਉਤਸਾਹ, ਕਰੁਣਾ, ਪ੍ਰੇਮ ਆਦਿ ਭਾਵਾਂ ਨੂੰ ਪ੍ਰਗਟ ਕਰਨ ਲਈ ਜਦੋਂ ਆਵਾਜ਼ ਵਿੱਚ ਭਿੰਨਤਾ ਆਂਦੀ ਹੈ ਤਾਂ ਉਸ ਨੂੰ ਕਾਕੂ ਕਹਿੰਦੇ ਹਨ । ਸੰਗੀਤਕਾਰ ਪ੍ਰਦਰਸ਼ਨ ਕਰਦੇ ਸਮੇਂ ਸਵਰ-ਲੈਅ-ਤਾਲ ਦੀ ਇਕਾਗਰਤਾ ਚ ਲੀਨ ਹੋ ਕੇ ਆਨੰਦ ਵਿਭੋਰ ਹੁੰਦਾ ਹੈ ਤਾਂ ਆਪਣੇ ਭਾਵਾਂ ਨੂੰ ਸਾਕਾਰ ਰੂਪ ਦੇਣ ਲਈ ਭਿੰਨ ਤਰ੍ਹਾਂ ਦੀ ਧਵਨੀ ਉਤਪੰਨ ਕਰਦਾ ਹੈ ਜੋ ਕਿ ਰਸ ਦੀ ਉਤਪਤੀ ਲਈ ਬੜੀ ਸਹਾਇਕ ਹੁੰਦੀ ਹੈ ।

ਉਪਰੋਕਤ ਤੱਤਾਂ ਤੋਂ ਸਹਿਜੇ ਹੀ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਇਹ ਸੰਗੀਤ ਵਿੱਚ ਸੁੰਦਰਤਾ ਪੈਦਾ ਕਰਨ ਵਿੱਚ ਕਿੰਨੇ ਸਹਾਈ ਹੁੰਦੇ ਹਨ । ਸੰਗੀਤ ਵਿੱਚ ਸੁੰਦਰਤਾ ਦਾ ਅਰਥ ਰਸ ਪੈਦਾ ਕਰਨਾ ਹੈ । ਸੰਗੀਤ ਜੇਕਰ ਰਸਹੀਣ ਹੋਏਗਾ, ਤਾਂ ਅਨੰਦ ਪੈਦਾ ਨਹੀਂ ਕਰੇਗਾ । ਸਵਾਲ ਪੈਦਾ ਹੁੰਦਾ ਹੈ ਕਿ ਇਹ ਰਸ, ਸੁੰਦਰਤਾ ਕਿਵੇਂ ਪੈਦਾ ਕੀਤੇ ਜਾਣ । ਸੰਗੀਤ-ਸਾਧਨਾ ਹੀ ਇਹਨਾਂ ਸਾਰਿਆਂ ਨੂੰ ਪਰਗਟ ਕਰਨ ਵਿੱਚ ਸਮੱਰਥ ਹੈ । ਨਿਯਮਿਤ ਰੂਪ ਵਿੱਚ, ਅਨੁਸ਼ਾਸ਼ਨ ਬੱਧ ਤਰੀਕੇ ਨਾਲ ਸਵਰ-ਅਭਿਆਸ ਕੀਤਾ ਜਾਵੇ ਤਾਂ ਸੰਗੀਤਕਾਰ ਇਕੱਲਾ ਆਪ ਹੀ ਨਹੀਂ ਸਰੋਤਿਆਂ ਨੂੰ ਵੀ ਪ੍ਰਭੂ ਪ੍ਰਮਾਤਮਾ ਨਾਲ ਜੋੜ ਸਕਦਾ ਹੈ । ਅੱਜ ਦੇ ਪਦਾਰਥ ਵਾਦੀ, ਸਵਾਰਥੀ ਅਤੇ ਆਪਾ ਧਾਪੀ ਵਾਲੇ ਯੁੱਗ ਵਿੱਚ ਕੋਈ ਸੰਗੀਤ-ਮਈ ਆਤਮਾ ਹੀ ਸਾਡੇ ਤਪਦੇ ਹਿਰਦਿਆਂ ਨੂੰ ਸ਼ਾਂਤ ਕਰ ਸਕਦੀ ਹੈ ।

## ਤਾਲ-ਬੇਤਾਲ

ਸਾਡੀ ਨਬਜ਼ ਜ਼ਰਾ ਲੈਅ ਹੀਣ ਹੋਵੇ,
ਘੜੀ ਪਲਾਂ ਚ ਮੰਦਾ ਏ ਹਾਲ ਹੁੰਦਾ ।
ਧੜਕਣ ਦਿਲ ਦੀ ਕਿਤੇ ਬੇਈਮਾਨ ਹੋ ਜਾਏ,
ਆਇਆ ਧਰਤੀ ਤੇ ਜਿਵੇਂ ਭੁਚਾਲ ਹੁੰਦਾ ।
ਤੋਰ ਗ੍ਰਹਿਆਂ ਦੀ ਨਾ ਇਕ ਸਾਰ ਹੁੰਦੀ,
ਸਾਰੀ ਸ੍ਰਿਸ਼ਟੀ ਚ ਮਚਿਆ ਕਾਲ ਹੁੰਦਾ ।
ਹਰਿੰਦਰ ਸਿੰਘਾ ਭੌਰ ਸੀ ਉਡ ਜਾਣਾ,
ਜੇਕਰ ਜ਼ਿੰਦਗੀ ਚ ਤੂੰ ਬੇਤਾਲ ਹੁੰਦਾ ।

# ਮਾਂ ਬੋਲੀ ਪੰਜਾਬੀ

ਸਰਦਾਰਨੀ ਹਰਬੰਸ ਕੌਰ ਇੰਗਲੈਂਡ
ਸੁਪਤਨੀ ਸ਼ਹੀਦ ਸ੍ਰ. ਨਾਨਕ ਸਿੰਘ ਐਡਵੋਕੇਟ

ਅਸੀਂ ਪੰਜਾਬ ਦੇ ਹਾਂ ਪੰਜਾਬੀ , ਬੜੇ ਜੋਧੇ ਨਿਰਭੈ ਬਲਕਾਰੀ ।
ਖਾਣ ਪੀਣ ਦੀ ਸੁਧ ਨਾ ਕਰਦੇ , ਡਟ ਜਾਂਦੇ ਹੱਥ ਫੜ੍ਹ ਕਟਾਰੀ
ਪੰਜਾਬੀ ਸਾਡੀ ਮਾਂ ਪਿਆਰੀ , ਸਾਨੂੰ ਲਗਦੀ ਡਾਢੀ ਪਿਆਰੀ ।
ਹੋਰ ਬੋਲੀਆਂ ਬੇਸ਼ਕ ਬੋਲੋ , ਪਰ ਇਹ ਹੈ ਸਾਡੀ ਫੁੱਲਾਂ ਖਾਰੀ ।
ਇਸ ਵਿਚ ਰੱਬੀ ਜੋਤ ਦੀ ਗਾਥਾ , ਨਾਨਕ ਬੋਲ ਗਿਆ ਨਿਰੰਕਾਰੀ ।
ਬੰਸ ਖੁਸ਼ੀ ਦਾ ਚਾਨਣ ਚੜ੍ਹਿਆ , ਮਾਤ ਬੋਲੀ ਤੋਂ ਮੈਂ ਬਲਿਹਾਰੀ ।
ਦੁਸ਼ਮਨ ਅੱਖ ਕਰੇ ਜੇ ਕੈਰੀ , ਮੁੱਠ ਹੋ ਜਾਂਦੇ ਇੱਕੋ ਵਾਰੀ ।
ਅਮਰ ਹੋ ਗਏ ਵੀਰ ਪੰਜਾਬੀ , ਜਿਨ੍ਹਾਂ ਦੇਸ਼ ਤੋਂ ਜਿੰਦੜੀ ਵਾਰੀ ।
ਪੰਜਾਬੀ ਸੋ ਜੋ ਪੜ੍ਹੇ ਪੰਜਾਬੀ , ਨਾ ਕਰੋ ਇਸ ਤੋਂ ਇਨਕਾਰੀ ।
ਜਿਹੜਾ ਨਹੀਂ ਪੜ੍ਹਿਆ ਪੰਜਾਬੀ , ਅੱਜ ਪੜ੍ਹਨ ਦੀ ਕਰੋ ਤਿਆਰੀ ।
ਮਿੱਠ ਬੋਲੀ ਪੜ੍ਹ ਖੀਵਾ ਹੋਵੇ , ਉਸ ਨੂੰ ਰੰਗ ਲੱਗੇ ਕਰਤਾਰੀ ।

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਪ੍ਰਿਸੀਪਲ ਸਾਹਿਬ ਸਿੰਘ

ਗੂਜਰੀ ਮਹਲਾ ੫ ॥ ਦੁਇ ਕਰ ਜੋੜਿ ਕਰੀ ਬੇਨੰਤੀ ਠਾਕੁਰੁ ਅਪਨਾ ਧਿਆਇਆ ॥ ਹਾਥ ਦੇਇ ਰਾਖੇ ਪਰਮੇਸਰਿ ਸਗਲਾ ਦੁਰਤੁ ਮਿਟਾਇਆ ॥੧॥ ਠਾਕੁਰ ਹੋਏ ਆਪਿ ਦਇਆਲ ॥ ਭਈ ਕਲਿਆਣ ਆਨੰਦ ਰੂਪ ਹੁਈ ਹੈ ਉਬਰੇ ਬਾਲ ਗੁਪਾਲ ॥ ੧ ॥ ਰਹਾਉ ॥ ਮਿਲਿ ਵਰ ਨਾਰੀ ਮੰਗਲੁ ਗਾਇਆ ਠਾਕੁਰ ਕਾ ਜੈਕਾਰੁ ॥ ਕਹੁ ਨਾਨਕ ਤਿਸੁ ਗੁਰ ਬਲਿਹਾਰੀ ਜਿਨਿ ਸਭ ਕਾ ਕੀਆ ਉਧਾਰੁ ॥ ੧ ॥ ੬ ॥ ੧੫ ॥ [ਪੰਨਾ ੪੯੯]

**ਅਰਥ :-** ਹੇ ਭਾਈ ! ਮੈਂ (ਆਪਣੇ ਮਾਲਕ-ਪ੍ਰਭੂ ਦੇ ਅੱਗੇ) ਦੋਵੇਂ ਹੱਥ ਜੋੜ ਕੇ ਅਰਜ਼ੋਈ ਕਰਦਾ ਰਹਿੰਦਾ ਹਾਂ । ਉਸ ਮਾਲਕ ਪਰਮੇਸ਼ਰ ਪ੍ਰਭੂ ਨੇਂ ਸਾਡੀ ਹੱਥ ਦੇ ਕੇ ਰਾਖੀ ਕੀਤੀ ਹੈ ਤੇ ਸਾਰੇ ਕਸ਼ਟ ਤੇ ਪਾਪ ਨਵਿਰਤ ਕਰ ਦਿੱਤੇ ਹਨ ।

ਹੇ ਭਾਈ ! ਜਿਨ੍ਹਾਂ ਜੀਵਾਂ ਉਤੇ ਪ੍ਰਭੂ ਜੀ ਆਪ ਦਇਆਵਾਨ ਹੁੰਦੇ ਹਨ ਉਹਨਾਂ ਦੇ ਅੰਦਰ ਆਤਮਕ ਆਨੰਦ ਪੈਦਾ ਹੋ ਜਾਂਦਾ ਹੈ, ਗੋਪਾਲ-ਪ੍ਰਭੂ ਦੇ (ਦਰ ਤੇ ਆਏ ਹੋਏ ਉਹ ਜੀਵ) ਬੱਚੇ (ਸੰਸਾਰ-ਸਮੁੰਦਰ ਵਿੱਚ ਡੁੱਬਣ ਤੋਂ) ਬਚ ਗਏ (ਪ੍ਰਭੂ ਦੇ ਦਇਆਲ ਹੋਇਆਂ) ਆਨੰਦ/ਭਰਪੂਰ ਹੋ ਜਾਈਦਾ ਹੈ । ੧ । ਰਹਾਉ ।

ਹੇ ਭਾਈ ! ਪ੍ਰਭੂ-ਪਤੀ ਨੂੰ ਮਿਲ ਕੇ ਮੇਰੇ ਗਿਆਨ-ਇੰਦ੍ਰਿਆਂ ਨੇ ਪ੍ਰਭੂ ਦੀ ਸਿਫਤਿ ਸਾਲਾਹ ਦਾ ਗੀਤ ਸ਼ੁਰੂ ਕਰ ਦਿੱਤਾ ਹੈ, ਮਾਲਕ-ਪ੍ਰਭੂ ਦਾ ਜੈ-ਜੈਕਾਰ ਕਰਨਾ ਸ਼ੁਰੂ ਕਰ ਦਿੱਤਾ ਹੈ । ਹੇ ਨਾਨਕ ! ਆਖ-ਇਹ ਸਾਰੀ ਬਰਕਤਿ ਗੁਰੂ ਦੀ ਹੀ ਹੈ) ਮੈਂ ਉਸ ਗੁਰੂ ਤੋਂ ਕੁਰਬਾਨ ਜਾਂਦਾ ਹਾਂ ਜਿਸ ਨੇ (ਸਰਨ ਆਏ) ਸਭ ਜੀਵਾਂ ਦਾ ਪਾਰ-ਉਤਾਰਾ ਕਰ ਦਿੱਤਾ ਹੈ । ੨ । ੬ । ੧੫ ।

## ਕਾਨੜਾ ਮਹਲਾ ੫

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧ ਸੰਗਤਿ ਮੋਹਿ ਪਾਈ ॥੧॥ ਰਹਾਉ॥
ਨਾ ਕੋ ਬੈਰੀ ਨਹੀਂ ਬਿਗਾਨਾ
ਸਗਲ ਸੰਗਿ ਹਮਕੋ ਬਨਿਆਈ ॥੧॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ
ਇਹ ਸੁਮਤਿ ਸਾਧੂ ਤੇ ਪਾਈ ॥੨॥
ਸਭ ਮਹਿ ਰਵਿ ਰਹਿਆ ਪ੍ਰਭ ਏਕੈ
ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥

ਪੰਨਾ 1199

**ਅਰਥ :-** ਹੇ ਭਾਈ ! ਜਦੋਂ ਤੋਂ ਮੈਂ ਗੁਰੂ ਦੀ ਸੰਗਤਿ ਪ੍ਰਾਪਤ ਕੀਤੀ ਹੈ, (ਤਦੋਂ ਤੋਂ) ਦੂਜਿਆਂ ਦਾ ਸੁੱਖ ਵੇਖ ਕੇ ਅੰਦਰੇ ਅੰਦਰ ਸੜਨ ਦੀ ਸਾਰੀ ਆਦਤ ਭੁੱਲ ਗਈ ਹੈ । ੧ । ਰਹਾਉ ।

ਹੇ ਭਾਈ ! (ਹੁਣ) ਮੈਨੂੰ ਕੋਈ ਵੈਰੀ ਨਹੀਂ ਦਿੱਸਦਾ, ਕੋਈ ਓਪਰਾ ਨਹੀਂ ਦਿੱਸਦਾ; ਸਭਨਾਂ ਨਾਲ ਮੇਰਾ ਪਿਆਰ ਬਣਿਆ ਹੋਇਆ ਹੈ । ੧ ।


ਹੇ ਭਾਈ ! (ਹੁਣ) ਜੋ ਕੁਝ ਪਰਮਾਤਮਾ ਕਰਦਾ ਹੈ, ਮੈਂ ਉਸ ਨੂੰ (ਸਭ ਜੀਵਾਂ ਲਈ) ਭਲਾ ਹੀ ਮੰਨਦਾ ਹਾਂ । ਇਹ ਚੰਗੀ ਅਕਲ ਮੈਂ (ਆਪਣੇ) ਗੁਰੂ ਪਾਸੋਂ ਸਿੱਖੀ ਹੈ । ੨ ।

ਹੇ ਨਾਨਕ ! (ਆਖ-ਜਦੋਂ ਤੋਂ ਸਾਧ ਸੰਗਤਿ ਮਿਲੀ ਹੈ, ਮੈਨੂੰ ਇਉਂ ਦਿੱਸਦਾ ਹੈ ਕਿ) ਇੱਕ ਪਰਮਾਤਮਾ ਹੀ ਸਭ ਜੀਵਾਂ ਵਿੱਚ ਮੌਜੂਦ ਹੈ (ਤਾਹੀਏਂ ਸਭ ਨੂੰ) ਵੇਖ ਵੇਖ ਕੇ ਮੈਂ ਖ਼ੁਸ਼ ਹੁੰਦਾ ਹਾਂ । ੩ । ੮ ।

# ਸੰਗੀਤ-ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮਧੱ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ । |
| ਧੁ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧਾਂ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ । |
| ਮੇ | ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ । |
| ਪ਼/ਧ਼ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ । |
| ਸਂ/ਪਂ | ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ । |
| ਪ— | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ । |
| ਸ਼ਾਂ s | ਜਿਸ ਅੱਖਰ ਅੱਗੇ ਜਿਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ । |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿੱਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ । |
| ਮਪ | ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ । |

XO 123 Xਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ ।



# ਰਾਗ ਦਰਬਾਰੀ ਕਾਨੜਾ

ਅਮਰਜੀਤ ਕੌਰ

ਰਾਗ ਦਰਬਾਰੀ ਕਾਨੜਾ, ਆਸਾਵਰੀ ਥਾਟ ਤੋਂ ਉਤਪੰਨ ਹੁੰਦਾ ਹੈ । ਇਸ ਦੀ ਜਾਤੀ ਸੰਪੂਰਨ — ਸ਼ਾੜਵ ਹੈ । ਵਾਦੀ ਸੁਰ ਰਿਸ਼ਵ ਸੰਵਾਦੀ ਸੁਰ ਪੰਚਮ ਹੈ । ਗੰਧਾਰ, ਧੈਵਤ, ਨਿਸ਼ਾਦ ਸੁਰ ਕੋਮਲ ਲਗਦੇ ਹਨ । ਇਸ ਰਾਗ ਵਿੱਚ ਗੰਧਾਰ ਨੂੰ ਕੰਪਨ ਨਾਲ ਗਾਇਆ ਜਾਂਦਾ ਹੈ । ਗਾਉਣ ਦਾ ਸਮਾਂ ਅੱਧੀ ਰਾਤ ਦਾ ਹੈ ।

## ਪਛਾਣ

ਆਰੋਹ — ਨੁੀ ਸਾ, ਰੇ ਗੁ ਰੇ ਸਾ, ਮ ਪ, ਧੁ ਨੁੀ, ਸਾਂ

ਆਵਰੋਹ — ਸਾਂ ਧ, ਨੁੀ ਪ, ਮ ਪ, ਗੁ, ਮ ਰੇ ਸਾ

ਪਕੜ — ਗੁ, ਰੇ, ਰੇ, ਸਾ, ਧੁ, ਨੁੀ ਸਾ, ਰੇ, ਸਾ

## ਤਿੰਨ ਤਾਲ (ਮੱਧ ਲੈ)

### ਸਥਾਈ

| | | | |
|---|---|---|---|
| ਮ ਮ ਰੇ ਸਾ | ਰੇ ਰੇ ਸਾ ਸਾ | ਨੁੀ ਨੁੀ ਸਾ ਰੇ | ਪ ਪ ਗੁ ਗੁ |
| ਬਿ ਸ ਰਿ ਗ | ਈ ऽ ਸ ਭ | ਤਾ ऽ ਤਿ ਪ | ਰਾ ऽ ਈ ऽ |
| O | ੩ | X | ੨ |
| ਮ ਮ ਰੇ ਸਾ | ਰੇ ਰੇ ਸਾ ਸਾ | ਨੁੀ ਨੁੀ ਸਾ ਰੇ | ਪ ਪ ਗੁ ਗੁ |
| ਜ ਬ ਤੇ ऽ | ਸਾ ऽ ਧ ਸੰ | ਗ ਤਿ ਮੋ ਹਿ | ਪਾ ऽ ਈ ऽ |
| O | ੩ | X | ੨ |

### ਅੰਤਰਾ

| | | | |
|---|---|---|---|
| ਮ ਮ ਪ ਪ | ਧੁ — ਨੁੀ ਨੁੀ | ਸਾਂ ਸਾਂ ਸਾਂ ਸਾਂ | ਨੁੀ ਨੁੀ ਸਾਂ ਸਾਂ |
| ਨਾ ऽ ਕੋ ऽ | ਬੈ ऽ ਰੀ ऽ | ਨ ऽ ਹੀ ਬਿ | ਗਾ ऽ ਨਾ ऽ |
| O | ੩ | X | ੨ |
| ਸਾਂ ਸਾਂ ਸਾਂ ਨੁੀ | ਰੇਂ ਰੇਂ ਸਾਂ ਸਾਂ | ਨੁੀ ਨੁੀ ਸਾਂ ਰੇਂ | ਧੁ ਧੁ ਨੁੀ ਪ |
| ਸ ਗ ਲ ਸੰ | ऽ ਗਿ ਹ ਮ | ਕੋ ऽ ਬ ਨਿ | ਆ ऽ ਈ ऽ |
| O | ੩ | X | ੨ |

(ਬਾਕੀ ਅੰਤਰੇ ਇਸ ਤਰ੍ਹਾਂ ਗਾਏ ਜਾਣ)

# ਰਾਗ ਗੂਜਰੀ

ਲਿਪੀ ਕਰਤਾ ਹਰਿੰਦਰ ਪਾਲ ਸਿੰਘ ਐਮ.ਏ.ਬੀ.ਐਡ

**ਪਰਿਚੈ :-** ਟੋਡੀ ਥਾਟ ਦਾ ਬਹੁਤ ਪ੍ਰਸਿੱਧ ਰਾਗ ਹੈ । ਇਸ ਵਿੱਚ ਰੇ,ਗ,ਧ ਕੋਮਲ ਅਤੇ ਮੱਧਮ ਤੀਵਰ ਲਗਦੇ ਹਨ । ਪੰਚਮ ਵਰਜਿਤ ਹੈ । ਨਿਸ਼ਾਦ ਸ਼ੁੱਧ ਲਗਦਾ ਹੈ । ਇਸ ਦੀ ਜਾਤੀ ਸ਼ਾੜਵ-ਸ਼ਾੜਵ ਹੈ ਗਾਇਨ ਸਮਾਂ ਦਿਨ ਦਾ ਪ੍ਰਥਮ ਪਹਿਰ ਹੈ । ਵਾਦੀ-ਸੰਵਾਦੀ ______________ ਹਨ । ਇਹ ਰਾਗ ਅੱਜ ਕਲ ਇਤਨਾ ਪ੍ਰਸਿੱਧ ਹੈ ਕਿ ਲੋਕ ਤੇ ਗ਼ਜ਼ਲ ਗਾਇਕ ਇਸਦੀ ਮੁਕਾਬਲਤਨ ਜ਼ਿਆਦਾ ਵਰਤੋਂ ਕਰਦੇ ਹਨ । ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਦਾ ਵਿਸ਼ੇਸ਼ ਸਥਾਨ ਹੈ ।

**ਆਰੋਹ :-** ਸ ਰੁੇ ਗੁ ਮੇ ਧੁ ਨੀ ਸ̍ ।

**ਅਵਰੋਹ :-** ਸ̍ ਨੀ ਧੁ ਮੇ ਗੁ ਰੁੇ ਸ ।

| | | X | | | ੨ | | | 0 | | | | ੩ | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |

## ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | ਧੁ | ਧੁ- | ਮ̍ | ਗੁ | ਮ̍ | ਮ̍ |
| | | | | | | | | | | ਠਾ | ਕਰ | ਹੋ | ऽ | ਇ | ऽ |
| ਧੁ | — | ਮ̍ | ਗੁ- | ਰੁੇ | ਗੁ | ਰੁੇ | ਸ | — | — | ਗੁ- | ਗੁ- | ਗੁ | — | ਗੁ | ਗੁ |
| ਆ | ऽ | ਪ | ਦਇ | ਆ | ऽ | ਲ | ऽ | ऽ | ऽ | ਭਈ | ਕਲਿ | ਆ | ऽ | ਣ | ਅ |
| ਰੁੇ | ਰੁੇ | ਰੁੇ | ਗੁ | ਰੁੇ | ਰੁੇ | ਸ | ਸ | — | — | ਧੁ- | ਧੁ | ਮ̍ | ਗੁ | ਮ̍ | ਨੀ |
| ਨੰ | ਦ | ਰੂ | ਪ | ਹੁ | ਈ | ਹੈ | ऽ | ऽ | ऽ | ਉਬ | ਰੇ | ਬਾ | ऽ | ਲ | ਗੋ |
| ਧੁ | — | — | — | — | ਮੇਗੁ | ਧੁਮੇ | ਗੁਰੁੇ | ਸ | — | | | | | | |
| ਪਾ | ऽ | ऽ | ऽ | ਲऽ | ऽऽ | ऽऽ | ऽ | ऽ | ऽ | | | | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | ਧੁ- | ਧੁ- | ਮ̍ | — | ਧੁ | — |
| | | | | | | | | | | ਦੁਇ | ਕਰ | ਜੋ | ऽ | ੜ | ऽ |
| ਸ̍ | ਸ̍ | — | ਸ̍ | ਰੁੇ̍ਸ̍ | ਨੀ | ਸ̍ | ਸ̍ | — | — | ਗੁ̍ | ਗੁ̍- | ਰੁੇ̍ | ਗੁ̍ | ਰੁੇ̍ | ਸ̍ |
| ਕ | ਰੀ | ऽ | ਬੇ | ਨੰऽ | ऽ | ਤੀ | ऽ | ऽ | ऽ | ਠਾ | ਕੁਰ | ਅ | ਪ | ਨਾ | ऽ |
| ਸ̍- | ਸ̍ | — | — | ਨੀਸ̍ | ਰੁੇ̍ਸ̍ | ਨੀ | ਧੁ | — | — | ਧੁ | ਧੁ- | ਮ̍ | ਗੁ | ਮੇ | ਨੀ |
| ਧਿਆ | ऽ | ऽ | ऽ | ਇऽ | ऽऽ | ਆ | ऽ | ऽ | ऽ | ਠਾ | ਕੁਰ | ਅ | ਪ | ਨਾ | ऽ |
| ਧੁ- | — | — | — | ਮੇਗੁ | ਧੁਮੇ | ਗੁਰੁੇ | ਸ | — | — | | | | | | |
| ਧਿਆ | ऽ | ऽ | ऽ | ਇऽ | ऽऽ | ਆऽ | ऽ | ऽ | ऽ | | | | | | |

**ਨੋਟ :-** ਇਹ ਬੰਦਿਸ਼ ਡਾ. ਜਾਗੀਰ ਸਿੰਘ ਜੀ ਨੇ ਅੰਮ੍ਰਿਤ ਵਰਖਾ ਦੁਆਰਾ ਰਿਲੀਜ਼ ਕੈਸਟ "ਪੂਤਾ ਮਾਤਾ ਕੀ ਆਸੀਸ" (AV-1014) ਵਿੱਚ ਗਾਈ ਹੋਈ ਹੈ ।

# ਕੀਰਤਨ-ਸਮਾਚਾਰ

**ਚੰਡੀਗੜ :-** ਮਿਤੀ 21. ਜਨਵਰੀ ਨੂੰ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਸਤਸੰਗ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ ਉਤਸਵ ਮਨਾਇਆ ਗਿਆ । ਗੁਰਦੁਆਰਾ ਸਾਹਿਬ ਵਿੱਚ ਸਜੇ ਵਿਸ਼ੇਸ ਦੀਵਾਨ ਵਿੱਚ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ, ਭਾਈ ਸੁਖਜੀਤ ਸਿੰਘ ਤਾਨ, ਬੀਬੀ ਇੰਦਰ ਮੋਹਨ ਕੌਰ ਖਾਲਸਾ, ਡਾ. ਜਾਗੀਰ ਸਿੰਘ (ਅੰਮ੍ਰਿਤ ਕੀਰਤਨ), ਭਾਈ ਅਮਰਜੀਤ ਸਿੰਘ ਡੇਹਰਾਦੂਨ, ਆਦਿ ਰਾਗੀ ਜਥਿਆਂ ਨੇ ਕੀਰਤਨ ਕੀਤਾ । ਗਿਆਨੀ ਅਮਰੀਕ ਸਿੰਘ ਅਤੇ ਡਾ. ਦਰਸ਼ਨ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਬੰਧੀ ਵਿਚਾਰ ਪ੍ਰਗਟ ਕੀਤੇ ।

**ਚੰਡੀਗੜ :-** ਗੁਰਦੁਆਰਾ ਸ੍ਰੀ ਨਿਰੰਕਾਰੀ ਦਰਬਾਰ ਸੈਕਟਰ 21 ਵਿੱਚ ਬਾਬਾ ਸਾਹਿਬ ਦਇਆਲ ਜੀ ਦੀ ਬਰਸੀ ਮਨਾਈ ਗਈ । ਇਸ ਵਿੱਚ ਇਸ ਸੰਪਰਕ ਨਾਲ ਸੰਬੰਧਤ ਸੰਗਤਾਂ ਭਾਰੀ ਗਿਣਤੀ ਵਿੱਚ ਪੁੱਜੀਆਂ । ਡਾ. ਮਾਨ ਸਿੰਘ ਜੀ ਨਿਰੰਕਾਰੀ ਹੋਰਾਂ ਨੇ ਬੜੇ ਭਾਵ ਪੂਰਤ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸਾਨੂੰ ਗੁਰਬਾਣੀ ਪੜ੍ਹਨ, ਸੁਣਨ ਤੇ ਵਿਚਾਰਨ ਵਲ ਧਿਆਨ ਦੇਣਾ ਚਾਹੀਦਾ ਹੈ । ਇਸ ਨਾਲ ਹੀ ਸਾਡੀ ਕੌਮ ਅਧੋਗਤੀ ਵਿੱਚੋਂ ਨਿਕਲ ਸਕਦੀ ਹੈ । ਇਸ ਸਮੇਂ ਸਮਾਗਮ ਵਿੱਚ ਹੋਰ ਰਾਗੀ ਜਥਿਆਂ ਤੋਂ ਇਲਾਵਾ ਭਾਈ ਜਸਬੀਰ ਸਿੰਘ ਖੰਨੇ ਵਾਲੇ, ਡਾ. ਜਾਗੀਰ ਸਿੰਘ (ਅੰਮ੍ਰਿਤ ਕੀਰਤਨ), ਭਾਈ ਅਮੀਰ ਸਿੰਘ, ਭਾਈ ਹਰਚਰਨ ਸਿੰਘ ਫਕਰ ਆਦਿ ਰਾਗੀ ਜਥਿਆਂ ਨੇ ਕੀਰਤਨ ਕੀਤਾ ।

**ਮੁਹਾਲੀ :-** ਗੁਰਦੁਆਰਾ ਭਗਤ ਰਵਿਦਾਸ ਜੀ ਫੇਜ 7 ਭਗਤ ਰਵਿਦਾਸ ਜੀ ਦਾ ਪ੍ਰਕਾਸ਼-ਉਤਸਵ ਮਨਾਇਆ ਗਿਆ । ਇਹਨਾਂ ਸਮਾਗਮਾਂ ਵਿੱਚ ਸ੍ਰ. ਹਰਚਰਨ ਸਿੰਘ ਬਰਾੜ ਮੁੱਖ ਮੰਤਰੀ ਪੰਜਾਬ ਅਤੇ ਪੰਜਾਬ ਸਰਕਾਰ ਦੇ ਹੋਰ ਪਤਵੰਤੇ ਸ਼ਾਮਲ ਹੋਏ । ਭਾਈ ਬਲਵਿੰਦਰ ਸਿੰਘ ਰੰਗੀਲਾ ਅਤੇ ਡਾ. ਜਾਗੀਰ ਸਿੰਘ (ਅੰਮ੍ਰਿਤ ਕੀਰਤਨ) ਦੇ ਰਾਗੀ ਜਥਿਆਂ ਨੇ ਕੀਰਤਨ ਕੀਤਾ ।

**ਮੁਹਾਲੀ :-** ਗੁਰਦੁਆਰਾ ਅੰਬ ਸਾਹਿਬ ਵਿਖੇ ਸ੍ਰੀ ਗੁਰੂ ਹਰਿ ਰਾਇ ਜੀ ਦਾ ਪ੍ਰਕਾਸ਼ ਉਤਸਵ ਬੜੀ ਧੂਮਧਾਮ ਨਾਲ ਮਨਾਇਆ ਗਿਆ । ਇਸ ਸਮੇਂ ਵਿਸ਼ਾਲ ਦੀਵਾਨ ਸਜਾਏ ਗਏ ਜਿਹਨਾਂ ਵਿੱਚ ਹੋਰਨਾਂ ਤੋਂ ਇਲਾਵਾ ਭਾਈ ਦਿਲਬਾਗ ਸਿੰਘ, ਭਾਈ ਗੁਲਬਾਗ ਸਿੰਘ, ਭਾਈ ਮਨਜਿੰਦਰ ਸਿੰਘ ਐਚ.ਐਮ.ਟੀ, ਡਾ. ਜਾਗੀਰ ਸਿੰਘ (ਅੰਮ੍ਰਿਤ ਕੀਰਤਨ) ਆਦਿ ਰਾਗੀ ਜਥਿਆਂ ਨੇ ਕੀਰਤਨ ਕੀਤਾ ।

**ਮੁਹਾਲੀ :-** ਗੁਰਦੁਆਰਾ ਸਾਹਿਬ ਫੇਜ਼-2 ਵਿਖੇ ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਦਿਵਸ ਮਨਾਇਆ ਗਿਆ । ਇਸ ਵਿੱਚ ਭਾਈ ਅਵਤਾਰ ਸਿੰਘ ਜੀ ਨੇ ਕਥਾ ਕੀਤੀ ਅਤੇ ਬਲਵਿੰਦਰ ਸਿੰਘ ਰੰਗੀਲਾ, ਭਾਈ ਜੋਗਿੰਦਰ ਸਿੰਘ ਫਤਹਿਗੜ੍ਹ ਸਾਹਿਬ ਵਾਲੇ ਅਤੇ ਡਾ. ਜਾਗੀਰ ਸਿੰਘ (ਅੰਮ੍ਰਿਤ ਕੀਰਤਨ) ਦੇ ਰਾਗੀ ਜਥਿਆਂ ਨੇ ਕੀਰਤਨ ਕੀਤਾ ।

# ਡਾ. ਜਾਗੀਰ ਸਿੰਘ ਜੀ ਦਾ ਕੀਰਤਨ-ਪ੍ਰੋਗਰਾਮ

3 ਮਾਰਚ

ਦਿਨੇ 10-30 ਤੋਂ 11-30 ਕੋਠੀ ਨੰ: 51 ਸੈਕਟਰ 8-ਏ ਚੰਡੀਗੜ੍ਹ

10 ਮਾਰਚ

ਦਿਨੇ 9 ਤੋਂ 10 ਵਜੇ ਕੋਠੀ ਨੰ: 3316 ਸੈਕਟਰ 19-ਡੀ ਚੰਗੀਗੜ੍ਹ

ਦਿਨੇ 10-30 ਤੋਂ 11-30 ਕੋਠੀ ਨੰ: 1710 ਫੇਜ਼ 3-ਬੀ-1 ਮੁਹਾਲੀ

16 ਮਾਰਚ

ਦਿਨੇ 10-30 ਤੋਂ 11-30 ਕੋਠੀ 32 ਫੇਜ਼-6 ਮੁਹਾਲੀ

22 ਮਾਰਚ

ਦਿਨੇ 10-30 ਤੋਂ 11-30 ਕੋਠੀ ਨੰ: 258 ਸੈਕਟਰ 35-ਏ ਚੰਡੀਗੜ੍ਹ

24 ਮਾਰਚ

ਦਿਨੇ 1 ਤੋਂ 2 ਵਜੇ ਕੋਠੀ ਨੰ: 2154 ਸੈਕਟਰ 15 ਸੀ ਚੰਗੀਗੜ੍ਹ